# 4 ਲੋਕ ਸਾਹਿਤ ਅਤੇ ਪੰਜਾਬੀ ਸਭਿਆਚਾਰ

## ਪਾਠ ਦੀ ਰੂਪ ਰੇਖਾ


4.0 ਮਨੋਰਥ
4.1 ਭੂਮਿਕਾ
4.2 ਲੋਕਗੀਤ
    4.2.1 ਸੁਹਾਗ
    4.2.2 ਘੋੜੀਆਂ
    4.2.3 ਬੋਲੀਆਂ
    4.2.4 ਮਾਹੀਆ
4.3 ਪੰਜਾਬ ਦੇ ਮੇਲੇ
    4.3.1 ਮੇਲਿਆਂ ਦਾ ਕਾਫ਼ਲਾ
    4.3.2 ਛਪਾਰ ਦਾ ਮੇਲਾ
    4.3.3 ਦੇਵੀ ਮਾਤਾ ਦੇ ਮੇਲੇ
    4.3.4 ਜਰਗ ਦਾ ਮੇਲਾ
    4.3.5 ਜਗਰਾਵਾਂ ਦੀ ਰੋਸ਼ਨੀ
    4.3.6 ਗੁਰੂ ਸਾਹਿਬਾਂ ਦੀ ਸਮ੍ਰਿਤੀ ਵਿੱਚ ਮੇਲੇ
4.4 ਪੰਜਾਬ ਦੇ ਤਿਉਹਾਰ
4.5 ਮੁਹਾਵਰਾ
4.6 ਅਖੌਤਾਂ


## 4.0 ਮਨੋਰਥ

ਲੋਕਧਾਰਾ ਇੱਕ ਅਰਥ ਭਰਪੂਰ ਕਿਰਿਆ ਹੈ। ਇਹ ਸਭਿਆਚਾਰ ਉਤੇ ਸਮਾਜ ਵਿਚ ਬਹੁਤ ਹੀ ਸਾਰਥਕ ਭੂਮਿਕਾ ਨਿਭਾਉਂਦੀ ਹੈ। ਸਮਾਜਿਕ ਪ੍ਰਬੰਧ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਲਈ ਕੁਝ ਨਿਯਮਾਂ ਅਤੇ ਬੰਦਸ਼ਾਂ ਦੀ ਸਰਿਜਣਾ ਕਰਨੀ ਪੈਂਦੀ ਹੈ।ਲੋਕਧਾਰਾ ਕਿਸੇ ਵੀ ਸਮਾਜ ਸਮੂਹ ਦਾ ਸਜਿੰਦ ਰੂਪ ਹੁੰਦੀ ਹੈ।ਹਰ ਭਾਸ਼ਾ ਦੇ ਸਾਹਿਤ ਦੇ ਪਿਛੋਕੜ ਵਿਚ ਉਸਦੀਆਂ ਲੋਕ ਪਰੰਪਰਾਵਾਂ ਪਈਆਂ ਹੁੰਦੀਆਂ ਹਨ। ਸੋ ਵਸ਼ਿਸ਼ਟ ਸਾਹਿਤ ਦੀ ਠੀਕ ਪੜ੍ਹਤ ਤਾਂ ਹੀ ਸੰਭਵ ਹੁੰਦੀ ਹੈ ਜੇਕਰ ਉਸਦੀਆਂ ਲੋਕ ਪਰੰਪਰਾਵਾਂ ਅਤੇ ਵਿਰਾਸਤ ਦੀ ਸਮਝ ਹੋਵੇ। ਇਸ ਪਾਠ ਦਾ ਮਨੋਰਥ ਵਿਦਿਆਰਥੀਆਂ ਨੂੰ ਪੰਜਾਬ ਦੇ ਅਮੀਰ ਸਭਿਆਚਾਰ ਅਤੇ ਵਿਰਾਸਤ ਨਾਲ ਜੋੜਨਾ ਹੈ ਤਾਂ ਜੇ ਉਹ ਇਥੋਂ ਦੇ ਲੋਕਾਂ ਦੇ ਸਾਹਿਤ ਦੇ ਨਾਲ ਨਾਲ ਲੋਕ ਧਾਰਾਈ ਸਿਰਜਨਾਵਾਂ ਨੂੰ ਵੀ ਸਮਝ ਸਕਣ।

## 4.1 ਭੂਮਿਕਾ

ਵਿਦਿਅਕ ਪ੍ਰਬੰਧ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਲੋਕ ਧਾਰਾ ਹੀ ਮਨੁਖੀ ਗਿਆਨ ਦੇ ਵਾਧੇ ਦਾ ਇਕੋ ਇਕ ਸਾਧਨ ਸੀ। ਇਸ ਦੀ ਗਵਾਹੀ ਸਾਡੀਆਂ ਮਿਥਕ ਕਥਾਵਾਂ ਅਤੇ ਲੋਕ ਸਿਆਣਪਾਂ ਹਨ। ਕੀ ਚੰਗਾ ਹੈ ਕੀ ਬੁਰਾ ਹੈ, ਮਿਹਨਤ ਦਾ ਫਲ ਤੇ ਕਰਮਾਂ ਦਾ ਲਿਖਿਆ ਆਦਿ ਧਾਰਨਾਵਾਂ ਲੋਕਧਾਰਾ ਵਿਚੋਂ ਹੀ ਉਗਮ ਕੇ ਸਾਡੇ ਅਵਚੇਤਨ ਦਾ ਹਿੱਸਾ ਬਣੀਆਂ ਹਨ। ਸਾਡੇ ਲੋਕ ਮੁਹਾਵਰੇ, ਕਹਾਵਤਾਂ, ਲਕੋਕਤੀਆਂ, ਬੁਝਾਰਤਾਂ ਆਦਿ ਗਿਆਨ ਦਾ ਉਹ ਸੋਮਾਂ ਹਨ ਜਿਨਾਂ ਤੋਂ ਬਗੈਰ ਮੁਨੱਖ ਦੀ ਸਮਾਜਿਕ ਹੋਂਦ ਵੀ ਖਤਰੇ ਵਿਚ ਰਹਿੰਦੀ ਹੈ। ਲੋਕਧਾਰਾ, ਲੋਕ ਸਭਿਆਚਾਰ ਤੇ ਲੋਕ ਸਾਹਿਤ ਆਦਿ ਕਿਸੇ ਵੀ ਸਮਾਜ ਦੇ ਸਮੂਹਿਕ ਮਨ ਦੀਆਂ ਸਿਰਜਨਾਵਾਂ ਹੁੰਦੀਆਂ ਹਨ। ਇਹ ਲੋਕ ਸਿਰਜਨਾਵਾਂ ਮਗਰੋਂ ਵਸ਼ਿਸ਼ਿਟ ਸਾਹਿਤ ਦੀ ਅਧਾਰਸ਼ਿਲਾ ਬਣਦੀਆਂ ਹਨ। ਲੋਕਧਾਰਾ ਦੇ ਖੇਤਰ ਵਿਚ ਲੋਕ ਸਾਹਿਤ ਦਾ ਵਿਲੱਖਣ ਸਥਾਨ ਹੈ। ਲੋਕ ਸਾਹਿਤ ਦੇ ਖੇਤਰ ਵਿਚ ਲੋਕ ਗੀਤ (ਸੁਹਾਗ, ਘੋੜੀਆਂ, ਸਿੱਠਣੀਆਂ, ਢੋਲੇ, ਟੱਪੇ, ਬੋਲੀਆਂ, ਮਾਹੀਏ ਆਦਿ), ਲੋਕ ਕਹਾਣੀਆਂ, ਅਖਾਣ-ਮੁਹਾਵਰੇ ਅਤੇ ਬੁਝਾਰਤਾਂ ਆਦਿ ਆਉਂਦੇ ਹਨ। ਲੋਕ ਸਾਹਿਤ ਦੀ ਵਿਲੱਖਣਤਾ ਇਸਦੀ ਮੌਖਿਕਤਾ ਵਿਚੋਂ ਲੱਭੀ ਜਾ ਸਕਦੀ ਹੈ। ਆਪਣੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਕਾਰਨ ਹੀ ਇਹ ਪੜ੍ਹੇ-ਲਿਖੇ, ਘੱਟ ਪੜ੍ਹੇ, ਅਤੇ ਅਨਪੜ੍ਹ ਸਾਰੇ ਵਰਗਾਂ ਵਿਚ ਆਪਣੀ ਅਹਿਮੀਅਤ ਰੱਖਦਾ ਹੈ।

ਲੋਕਧਾਰਾ ਦੇ ਦੂਸਰੇ ਰੂਪਾਂ ਵਾਂਗ ਲੋਕ ਸਾਹਿਤ ਵੀ ਕਿਸੇ ਵਿਸ਼ੇਸ਼ ਲੇਖਕ ਦੀ ਰਚਨਾ ਨਾ ਹੋ ਕੇ, ਸਮੁੱਚੇ ਸਮਾਜ ਦੀ ਰਚਨਾ ਹੋ ਨਿੱਬੜਦੀ ਹੈ।ਬਾਕੀ ਲੋਕਧਾਰਾਈ ਰੂਪਾਂ ਵਾਂਗ ਪਰੰਪਰਾ, ਮੌਖਿਕਤਾ ਅਤੇ ਲੋਕ ਸਮੂਹ ਦੀ ਪ੍ਰਵਾਨਗੀ ਆਦਿ ਲੋਕ ਸਾਹਿਤ ਦੀਆਂ ਵੀ ਵਿਸ਼ੇਸ਼ਤਾਵਾਂ ਹਨ।ਸਾਹਿਤ ਅਤੇ ਲੋਕ ਸਾਹਿਤ ਵਿਚ ਭਾਵੇਂ ਵਖਰੇਵਾਂ ਹੈ ਪ੍ਰੰਤੂ ਇਹ ਇਕ ਦੂਜੇ ਨੂੰ ਪ੍ਰਭਾਵਿਤ ਜ਼ਰੂਰ ਕਰਦੇ ਹਨ। ਲੋਕ ਸਾਹਿਤ ਨੂੰ ਪਿੱਠਭੂਮੀ ਵਿਚ ਰੱਖ ਕੇ ਜਾਂ ਲੋਕ ਰੂੜ੍ਹੀਆਂ ਅਤੇ ਲੋਕ ਸਾਹਿਤ ਦੇ ਅੰਸ਼ ਲੈ ਕੇ ਅਜੋਕੇ ਸਾਹਿਤ ਦੀ ਸਿਰਜਨਾ ਕੀਤੀ ਜਾ ਰਹੀ ਹੈ।

## 4.2 ਲੋਕਗੀਤ

ਲੋਕ ਸਾਹਿਤ ਦੇ ਖੇਤਰ ਉੱਪਰ ਨਜ਼ਰ ਮਾਰੀਏ ਤਾਂ 'ਲੋਕ ਗੀਤਾਂ' ਨੂੰ ਲੋਕ ਸਾਹਿਤ ਦਾ ਮਹੱਤਵਪੂਰਨ ਅੰਗ ਕਿਹਾ ਜਾ ਸਕਦਾ ਹੈ। ਲੋਕ ਗੀਤ ਮਨੋਭਾਵਾਂ, ਸੱਧਰਾਂ, ਅਕਾਂਖਿਆਵਾਂ ਅਤੇ ਸੁਪਨਿਆਂ ਦੇ ਪ੍ਰਗਟਾਵੇ ਲਈ ਮਹੱਤਵਪੂਰਨ ਜ਼ਰੀਆ ਹਨ। ਇਹ ਵੱਖ-ਵੱਖ ਮੌਕਿਆਂ ਉੱਪਰ ਵੱਖ-ਵੱਖ ਤਰ੍ਹਾਂ ਦੇ ਭਾਵਾਂ ਜਾਂ ਵਿਸ਼ਿਆਂ ਦੇ ਪ੍ਰਗਟਾਵੇ ਦੇ ਢੁੱਕਵੇਂ ਸਾਧਨ ਹਨ।

ਇਸ ਪਾਠ ਪੁਸਤਕ ਵਿਚ ਲੋਕ ਗੀਤਾਂ/ਲੋਕ-ਕਾਵਿ ਰੂਪਾਂ ਜਿਵੇਂ ਕਿ ਸੁਹਾਗ, ਘੋੜੀਆਂ, ਸਿੱਠਣੀਆਂ, ਬੋਲੀਆਂ ਅਤੇ ਮਾਹੀਏ ਬਾਰੇ ਸਿਧਾਂਤਕ ਚਰਚਾ ਵੀ ਕੀਤੀ ਗਈ ਹੈ ਅਤੇ ਇਹਨਾਂ ਰੂਪਾਂ/ਵੰਨਗੀਆਂ ਵਿਚੋਂ ਚੋਣਵੇਂ ਪਾਠ ਵੀ ਦਿੱਤੇ ਗਏ ਹਨ।

### 4.2.1 ਸੁਹਾਗ

'ਸੁਹਾਗ' ਵਿਆਹ ਨਾਲ ਸੰਬੰਧਿਤ ਲੋਕ-ਕਾਵਿ ਰੂਪ ਹੈ। ਵਿਆਹ ਦੇ ਦਿਨਾਂ ਵਿਚ ਲੜਕੀ ਦੇ ਘਰ ਔਰਤਾਂ ਵੱਲੋਂ 'ਸੁਹਾਗ' ਗਾਏ ਜਾਂਦੇ ਹਨ। ਇਸ ਲੋਕ-ਕਾਵਿ ਰੂਪ ਦੇ ਕੇਂਦਰ ਵਿਚ ਵਿਆਹੀ ਜਾਣ ਵਾਲੀ ਲੜਕੀ ਹੁੰਦੀ ਹੈ ਅਤੇ ਉਹ ਵੱਖ-ਵੱਖ ਰਿਸ਼ਤਿਆਂ ਨੂੰ ਸੰਬੋਧਿਤ ਹੁੰਦੀ ਹੋਈ ਆਪਣੇ ਮਨੋਭਾਵ ਜ਼ਾਹਿਰ ਕਰਦੀ ਦਿਖਾਈ ਦਿੰਦੀ ਹੈ। ਵਿਆਹ ਵਾਲੀ ਲੜਕੀ ਦੇ ਸੁਪਨੇ, ਸੱਧਰਾਂ, ਵਿਆਹ ਅਤੇ ਵਰ ਪ੍ਰਤੀ ਉਸਦੇ ਮਨੋਭਾਵ ਅਤੇ ਪੇਕੇ ਘਰ ਪ੍ਰਤੀ ਉਸ ਦਾ ਹੇਰਵਾ, ਇਸ ਦਾ ਆਧਾਰ ਬਣਦੇ ਹਨ। 'ਸੁਹਾਗ' ਲੋਕ-ਕਾਵਿ ਰੂਪ ਵਿਚੋਂ ਲੜਕੀ ਦੀ ਆਪਣੇ ਸਹੁਰੇ ਪਰਿਵਾਰ ਪ੍ਰਤੀ ਕਲਪਨਾ ਵੀ ਉਜਾਗਰ ਹੁੰਦੀ ਹੈ।

'ਵਿਆਹ' ਜ਼ਿੰਦਗੀ ਦਾ ਇਕ ਅਹਿਮ ਫੈਸਲਾ ਹੁੰਦਾ ਹੈ। ਪੁਰਾਣੇ ਸਮੇਂ ਵਿਚ ਲੜਕੀ ਦਾ ਪਿਉ ਹੀ ਉਸ ਲਈ ਲੜਕਾ ਲੱਭਦਾ ਸੀ। ਉਹ ਆਪਣੇ ਪਰਿਵਾਰਕ ਮੈਂਬਰਾਂ ਦੀ ਸਲਾਹ ਨਾਲ ਆਪਣੇ ਫੈਸਲੇ ਨੂੰ ਅੰਤਿਮ ਰੂਪ ਦਿੰਦਾ ਸੀ। ਇਸ ਲਈ ਸੁਹਾਗ ਵਿਚ ਲੜਕੀ ਵੱਖ-ਵੱਖ ਰਿਸ਼ਤਿਆਂ ਤੋਂ ਸੰਬੋਧਨੀ ਸੁਰ ਵਿਚ ਆਪਣੇ ਲਈ ਚੰਗਾ ਵਰ-ਘਰ ਲੱਭਣ ਦੀ ਅਭਿਲਾਸ਼ਾ ਰੱਖਦੀ ਦਿਖਾਈ ਦਿੰਦੀ ਹੈ।

ਜਿਸ ਘਰ ਲੜਕੀ ਨੇ ਵਿਆਹ ਕੇ ਜਾਣਾ ਹੈ, ਉਹ ਘਰ ਉਸ ਲਈ ਓਪਰਾ ਵੀ ਹੈ। ਇਸ ਲਈ 'ਸੁਹਾਗ' ਵਿਚੋਂ ਲੜਕੀ ਦੇ ਚਾਵਾਂ ਦੇ ਨਾਲ-ਨਾਲ ਉਸਦਾ ਫ਼ਿਕਰ ਵੀ ਸਮਾਇਆ ਹੁੰਦਾ ਹੈ।

'ਸੁਹਾਗ' ਦੇ ਗੀਤਾਂ ਵਿਚ ਲੈਅ ਜਾਂ ਤਾਲ ਵੀ ਉਸ ਦੇ ਸੁਹਜ ਵਿਚ ਵਾਧਾ ਕਰਦੀ ਹੈ। ਵੱਖ-ਵੱਖ ਉਪ-ਬੋਲੀਆਂ ਦੇ ਪ੍ਰਭਾਵ ਕਾਰਨ ਇਹਨਾਂ ਗੀਤਾਂ ਵਿਚਲੇ ਸ਼ਬਦਾਂ ਵਿਚ ਥੋੜ੍ਹਾ-ਬਹੁਤਾ ਅੰਤਰ ਵੀ ਦੇਖਣ ਨੂੰ ਮਿਲਦਾ ਹੈ।

**ਸਾਡਾ ਚਿੜੀਆਂ ਦਾ ਚੰਬਾ**

ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ।
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ?
ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ, ਬਾਬਲ ਡੋਲ਼ਾ ਨਹੀਂ ਲੰਘਦਾ।
ਇੱਕ ਇੱਟ ਪੁੱਟ ਦੇਵਾਂ, ਧੀਏ ਘਰ ਜਾ ਆਪਣੇ।
ਤੇਰੇ ਬਾਗ਼ਾਂ ਦੇ ਵਿੱਚ-ਵਿੱਚ ਵੇ, ਬਾਬਲ ਡੋਲ਼ਾ ਨਹੀਂ ਲੰਘਦਾ
ਇਕ ਟਾਹਲੀ ਪੁਟਾ ਦੇਵਾਂ, ਧੀਏ ਘਰ ਜਾ ਆਪਣੇ
ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ, ਬਾਬਲ ਗੁੱਡੀਆਂ ਕੌਣ ਖੇਡੇ?
ਮੇਰੀਆਂ ਖੇਡਣ ਪੋਤਰੀਆਂ, ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ, ਬਾਬਲ ਚਰਖਾ ਕੌਣ ਕੱਤੇ?
ਮੇਰੀਆਂ ਕੱਤਣ ਪੋਤਰੀਆਂ, ਧੀਏ ਘਰ ਜਾ ਆਪਣੇ।
ਮੇਰਾ ਛੱਟਾ ਕਸੀਦਾ ਵੇ, ਬਾਬਲ ਦੱਸ ਕੌਣ ਕੱਢੇ?
ਮੇਰੀਆਂ ਕੱਢਣ ਪੋਤਰੀਆਂ, ਧੀਏ ਘਰ ਜਾ ਆਪਣੇ।
**********
ਚਿੜੀਆਂ ਦਾ ਚੰਬਾ - ਕੁੜੀਆਂ ਦਾ ਝੁਰਮਟ, ਕਸੀਦਾ - ਕਢਾਈ।

### 4.2.2 ਘੋੜੀਆਂ

'ਘੋੜੀਆਂ' ਵਿਆਹ ਨਾਲ ਸੰਬੰਧਿਤ ਲੋਕ-ਗੀਤਾਂ ਨੂੰ ਕਿਹਾ ਜਾਂਦਾ ਹੈ। ਵਿਆਹ ਤੋਂ ਕੁਝ ਦਿਨ ਪਹਿਲਾਂ ਮੁੰਡੇ ਦੇ ਘਰ ਘੋੜੀਆਂ ਗਾ ਕੇ ਔਰਤਾਂ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਵੀ ਕਰਦੀਆਂ ਹਨ ਅਤੇ ਵਿਆਹ ਵਾਲੇ ਮੁੰਡੇ ਦੀ ਵਡਿਆਈ ਜਾਂ ਜਸ ਗਾਇਨ ਵੀ ਕੀਤਾ ਜਾਂਦਾ ਹੈ। ਵਿਆਹ ਵੇਲੇ ਜਦ ਲਾੜਾ ਘੋੜੀ ਚੜ੍ਹਦਾ ਹੈ ਤਾਂ ਉਸ ਵੇਲੇ ਵੀ 'ਘੋੜੀਆਂ' ਗਾਈਆਂ ਜਾਂਦੀਆਂ ਹਨ। ਲਾੜੇ ਦੀ ਵਡਿਆਈ ਦੇ ਨਾਲ-ਨਾਲ ਹਰ ਉਸ ਚੀਜ਼ ਦੇ ਵੀ ਗੁਣ ਗਾਏ ਜਾਂਦੇ ਹਨ, ਜਿਹੜੀ ਲਾੜੇ ਨਾਲ ਸੰਬੰਧਿਤ ਹੁੰਦੀ ਹੈ। ਜੰਞ ਤੁਰਨ ਵੇਲੇ ਉਸ ਦੀ ਘੋੜੀ ਅਤੇ ਸਰਬਾਲੇ ਦਾ ਗੁਣ-ਗਾਣ ਵੀ ਕੀਤਾ ਜਾਂਦਾ ਹੈ। ਘੋੜੀਆਂ ਗਾਉਣ ਵੇਲੇ ਲਾੜੇ ਅਤੇ ਉਸ ਦੀ ਹੋਣ ਵਾਲੀ ਪਤਨੀ ਲਈ ਵੱਖ-ਵੱਖ ਰੂਪਕਾਂ ਅਤੇ ਉਪਮਾਵਾਂ ਦੀ ਵਰਤੋਂ ਆਮ ਹੀ ਦੇਖਣ ਨੂੰ ਮਿਲਦੀ ਹੈ। ਕੁੜੀਆਂ ਆਪਣੇ ਭਰਾ ਦੀ ਤੁਲਨਾ ਗੁਲਾਬ ਦੇ ਫੁੱਲ ਨਾਲ ਕਰਦੀਆਂ ਹਨ ਅਤੇ ਹੋਣ ਵਾਲੀ ਭਾਬੀ ਨੂੰ 'ਚੰਬੇ ਦੀ ਕਲੀ' ਵਰਗੇ ਰੂਪਕਾਂ ਨਾਲ ਸਲਾਹੁੰਦੀਆਂ ਹਨ।

ਜਿਸ ਤਰ੍ਹਾਂ 'ਸੁਹਾਗ' ਦੇ ਕੇਂਦਰ ਵਿਚ ਵਿਆਹ ਵਾਲੀ ਲੜਕੀ ਹੁੰਦੀ ਹੈ, ਉਸੇ ਤਰ੍ਹਾਂ 'ਘੋੜੀਆਂ' ਦਾ ਕੇਂਦਰ-ਬਿੰਦੂ ਲਾੜਾ (ਵਿਆਹ ਵਾਲਾ ਲੜਕਾ) ਹੁੰਦਾ ਹੈ। ਉਸ ਦੇ ਗੁਣ ਗਾਉਣ ਦੇ ਨਾਲ-ਨਾਲ ਉਸਦੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਵੀ ਵਿਸ਼ੇ ਵਜੋਂ 'ਘੋੜੀਆਂ' ਵਿਚ ਲਿਆ ਜਾਂਦਾ ਹੈ।

'ਘੋੜੀਆਂ' ਦੀ ਬਣਤਰ ਸਰਲ ਅਤੇ ਸਾਦੀ ਹੁੰਦੀ ਹੈ। ਲੈਅ, ਰਵਾਨੀ, ਦੁਹਰਾਉ ਆਦਿ ਘੋੜੀਆਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ। ਲਾੜੇ ਦੀ ਸੁੰਦਰਤਾ ਅਤੇ ਉਸ ਦੀ ਵਰਤਮਾਨ ਸਥਿਤੀ ਦੇ ਨਾਲ-ਨਾਲ ਉਸਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੀਆਂ ਔਰਤਾਂ, ਉਸ ਨੂੰ ਅਸੀਸਾਂ ਦਿੰਦੀਆਂ ਪ੍ਰਤੀਤ ਹੁੰਦੀਆਂ ਹਨ। 'ਘੋੜੀਆਂ' ਵਿਚ ਵੱਖ-ਵੱਖ ਰਿਸ਼ਤਿਆਂ ਨੂੰ ਵੀ ਆਧਾਰ ਬਣਾਇਆ ਜਾਂਦਾ ਹੈ।

**ਭੈਣ ਸਪੁੱਤੀ ਵਾਗ ਫੜੇ**

ਨਿੱਕੀ, ਨਿੱਕੀ ਬੂੰਦ ਬੀਰਾ ਮੀਂਹ ਵਰ੍ਹੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ
ਨਿੱਕੀ, ਨਿੱਕੀ ਬੂੰਦ ਬੀਰਾ ਮੀਂਹ ਵਰ੍ਹੇ
ਦੰਮਾਂ ਦੀ ਬੋਰੀ ਤੇਰਾ ਬਾਪ ਫੜੇ
ਨਿੱਕੀ, ਨਿੱਕੀ ਬੂੰਦ ਬੀਰਾ ਮੀਂਹ ਵਰ੍ਹੇ
ਨਿੱਕਿਆਂ ਭਾਈਆਂ ਦੀ ਜੋੜੀ ਤੇਰੇ ਨਾਲ ਖੜ੍ਹੇ
ਨਿੱਕੀ, ਨਿੱਕੀ ਬੂੰਦ ਬੀਰਾ ਮੀਂਹ ਵਰ੍ਹੇ
ਭਾਬੋ ਸੁਹਾਗਣ ਤੈਨੂੰ ਸੁਰਮਾ ਪਾਵੇ
ਨਿੱਕੀ, ਨਿੱਕੀ ਬੂੰਦ ਬੀਰਾ ਮੀਂਹ ਵਰ੍ਹੇ
ਭੈਣ ਸਪੁੱਤੀ ਤੇਰੀ ਵਾਗ ਫੜੇ
ਨਿੱਕੀ, ਨਿੱਕੀ ਬੂੰਦ ਬੀਰਾ ਮੀਂਹ ਵਰ੍ਹੇ
ਰੱਤਾ ਰੱਤਾ ਡੋਲਾ ਲੈ ਆਵੇ ਘਰੇ
ਨਿੱਕੀ, ਨਿੱਕੀ ਬੂੰਦ ਬੀਰਾ ਮੀਂਹ ਵਰ੍ਹੇ
ਨਿੱਕੀ ਜਿਹੀ ਬੰਨੋ ਬੈਠੀ ਪੀੜ੍ਹੇ ਸਜੇ
**********
ਦੰਮਾਂ ਦੀ ਬੋਰੀ - ਪੈਸਿਆਂ ਦੀ ਬੋਰੀ, ਰੱਤਾ - ਲਾਲ, ਬੰਨੋ - ਲਾੜੀ।

**ਅਭਿਆਸ ਪਹਿਲਾ**

ਪ੍ਰਸ਼ਨ 1. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿਚ ਕਿੰਨ੍ਹਾਂ ਵਿਚਕਾਰ ਅਤੇ ਕਿਸ ਗੱਲ ਨੂੰ ਲੈ ਕੇ ਵਾਰਤਾਲਾਪ ਹੋ ਰਹੀ ਹੈ?

ਉੱਤਰ .....
.....
.....
.....

ਪ੍ਰਸ਼ਨ 2. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿਚ ਸਹੁਰੇ ਘਰ ਨਾ ਜਾਣ ਲਈ ਧੀ ਕਿਹੜੇ-ਕਿਹੜੇ ਬਹਾਨੇ ਬਣਾਉਂਦੀ ਹੈ?

ਉੱਤਰ .....
.....
.....
.....

ਪ੍ਰਸ਼ਨ 3. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿਚ ਧੀ ਦੁਆਰਾ ਸਹੁਰੇ ਘਰ ਨਾ ਜਾਣ ਦੇ ਬਣਾਏ ਗਏ ਬਹਾਨਿਆਂ ਬਾਰੇ ਬਾਬਲ ਦੁਆਰਾ ਦਿੱਤੇ ਗਏ ਜਵਾਬ ਨੂੰ ਵਾਰਤਕ ਵਿਚ ਲਿਖੋ?

ਉੱਤਰ .....
.....
.....
.....

ਪ੍ਰਸ਼ਨ 4. 'ਭੈਣ ਸਪੁੱਤੀ ਵਾਗ ਫੜੇ' ਘੋੜੀ ਵਿਚ ਕਿਹੜੇ-ਕਿਹੜੇ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ?

ਉੱਤਰ .....

.....

.....

.....

ਪ੍ਰਸ਼ਨ 5. 'ਭੈਣ ਸਪੁੱਤੀ ਵਾਗ ਫੜੇ' ਘੋੜੀ ਵਿਚ ਵੱਖ-ਵੱਖ ਰਿਸ਼ਤੇ ਕਿਹੜੀਆਂ-ਕਿਹੜੀਆਂ ਰਸਮਾਂ ਨਿਭਾ ਰਹੇ ਹਨ?

ਉੱਤਰ .....

.....

.....

.....

ਪ੍ਰਸ਼ਨ 6. 'ਭੈਣ ਸਪੁੱਤੀ ਵਾਗ ਫੜੇ' ਘੋੜੀ ਵਿਚ ਆਈ ਤੁਕ 'ਨਿੱਕੀ, ਨਿੱਕੀ ਬੂੰਦ ਬੀਰਾ ਮੀਂਹ ਵਰ੍ਹੇ, ਰੱਤਾ-ਰੱਤਾ ਡੋਲ੍ਹਾ ਲੈ ਆਵੇ ਘਰੇ' ਤੁਕ ਵਿਚਲੇ ਭਾਵ ਨੂੰ ਬਿਆਨ ਕਰੋ?

ਉੱਤਰ .....

.....

.....

.....

## 4.2.3 ਬੋਲੀਆਂ

'ਬੋਲੀ' ਲੋਕ-ਕਾਵਿ ਦਾ ਅਜਿਹਾ ਰੂਪ ਹੈ ਜਿਹੜਾ ਆਕਾਰ ਵਿਚ ਛੋਟਾ ਹੁੰਦਾ ਹੋਇਆ ਵੀ ਮਾਨਵੀ ਮਨ ਦੇ ਭਾਵਾਂ ਦੇ ਪ੍ਰਗਟਾਅ ਲਈ ਲੋਕਪ੍ਰਿਯ ਰੂਪ ਮੰਨਿਆ ਜਾਂਦਾ ਹੈ। 'ਬੋਲੀਆਂ' ਨੂੰ ਮੋਟੇ ਤੌਰ 'ਤੇ ਦੋ ਪ੍ਰਮੁੱਖ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ-ਨਿੱਕੀਆਂ ਬੋਲੀਆਂ ਅਤੇ ਲੰਮੀਆਂ ਬੋਲੀਆਂ। ਬੋਲੀ ਇਕ ਤੁਕ ਤੋਂ ਸ਼ੁਰੂ ਹੋ ਕੇ ਚਾਰ ਤੋਂ ਵਧੇਰੇ ਤੁਕਾਂ ਤੱਕ ਵੀ ਮਿਲਦੀ ਹੈ। ਨਿੱਕੀਆਂ ਬੋਲੀਆਂ ਨੂੰ 'ਦੋ ਤੁਕੀਆਂ ਬੋਲੀਆਂ' ਜਾਂ 'ਦੂਹਰੇ ਟੱਪੇ' ਵੀ ਕਿਹਾ ਜਾ ਜਾਂਦਾ ਹੈ। ਨਿੱਕੀ ਬੋਲੀ ਦਾ ਆਕਾਰ ਜ਼ਿਆਦਾਤਰ ਦੋਹਰੇ, ਹੇਅਰੇ ਅਤੇ ਸਿੱਠਣੀ ਦੇ ਆਕਾਰ ਦੇ ਲਗਭਗ ਬਰਾਬਰ ਹੁੰਦਾ ਹੈ। ਪਰ ਇਸਦੀ ਸਿਰਜਣ ਪ੍ਰਕਿਰਿਆ ਇਹਨਾਂ ਤੋਂ ਵੱਖਰੀ ਹੁੰਦੀ ਹੈ। ਨਿੱਕੀ ਬੋਲੀ ਦੀ ਉਦਾਹਰਨ ਪੇਸ਼ ਹੈ:

ਛੈਣੇ ਛੈਣੇ ਛੈਣੇ
ਲੌਂਗ ਤਵੀਤੜੀਆਂ ਪਤਲੀ ਨਾਰ ਦੇ ਗਹਿਣੇ।

ਜਾਂ

ਹਰੀਆਂ ਕਪਾਹਾਂ ਫੁੱਲ ਖਿੜਦੇ ਨੇ ਰਾਤ ਨੂੰ
ਸਾਡੇ ਮਾਪੇ ਕਹਿੰਦੇ ਧੀਆਂ ਤੋਰਾਂਗੇ ਵਿਸਾਖ ਨੂੰ.....

ਅਜਿਹੀਆਂ ਬੋਲੀਆਂ ਪਾਉਣ ਲਈ ਦੋ ਟੋਲੀਆਂ ਬਣਾ ਲਈਆਂ ਜਾਂਦੀਆਂ ਹਨ।
'ਲੰਮੀਆਂ ਬੋਲੀਆਂ' ਪਾਉਣ ਲਈ ਗਿੱਧਾ ਪਾਇਆ ਜਾਂਦਾ ਹੈ। ਇਕ ਔਰਤ ਬੋਲੀ ਪਾਉਣੀ ਸ਼ੁਰੂ ਕਰਦੀ ਹੈ। ਬੋਲੀ ਦੇ ਅੰਤ 'ਤੇ ਪਹੁੰਚਦਿਆਂ ਦੂਜੀਆਂ ਔਰਤਾਂ ਬੋਲੀ ਚੁੱਕ ਲੈਂਦੀਆਂ ਹਨ। ਬੋਲੀ ਉਚਾਰਣ ਦੇ ਨਾਲ-ਨਾਲ ਗਿੱਧਾ ਪਾਉਣਾ ਵੀ ਇਸ ਦਾ ਇਕ ਅੰਗ ਹੈ। ਅਜਿਹੀਆਂ ਬੋਲੀਆਂ 'ਗਿੱਧੇ ਦੀਆਂ ਬੋਲੀਆਂ' ਅਖਵਾਉਂਦੀਆਂ ਹਨ। ਲੰਮੀਆਂ ਬੋਲੀਆਂ ਨੂੰ ਸਮੂਹਿਕ ਰੂਪ ਵਿਚ ਗਾਇਆ ਜਾਂਦਾ ਹੈ। ਗਿੱਧੇ ਦੀਆਂ ਬੋਲੀਆਂ ਪਾਉਣ ਲਈ 'ਤਿਲੰਗ ਰਾਗ' ਦਾ ਸਹਾਰਾ ਲਿਆ ਜਾਂਦਾ ਹੈ। ਔਰਤਾਂ ਦੇ ਨਾਲ-ਨਾਲ ਮਰਦ ਵੀ ਲੰਮੀਆਂ ਬੋਲੀਆਂ ਭਾਵੇਂ ਲੰਮੀਆਂ ਬੋਲੀਆਂ ਨੂੰ ਇਕ ਵਿਅਕਤੀ ਹੀ ਸ਼ੁਰੂ ਕਰਦਾ ਹੈ ਪ੍ਰੰਤੂ ਇਹਨਾਂ ਨੂੰ ਸਮੂਹਿਕ ਬਣਾਉਣ ਲਈ ਬਾਕੀ ਦੇ ਲੋਕ ਵੀ ਵਿਚ-ਵਿਚ ਸ਼ਾਬਦਿਕ ਹੁੰਗਾਰਾ ਭਰਦੇ ਹਨ। ਬੋਲੀ ਦੇ ਅੰਤ ਵਿਚ ਸਾਰੇ ਮਿਲ ਕੇ ਬੋਲੀ ਚੁੱਕਦੇ ਹਨ ਅਤੇ ਨਾਲ ਭੰਗੜਾ ਵੀ ਪਾਉਂਦੇ ਹਨ। ਬਾਕੀ ਲੋਕ-ਕਾਵਿ ਰੂਪਾਂ ਵਾਂਗ 'ਬੋਲੀ' ਵੀ ਔਰਤ ਅਤੇ ਮਰਦ ਦੇ ਜਜ਼ਬਾਤਾਂ ਦੇ ਪ੍ਰਗਟਾਅ ਦਾ ਜ਼ਰੀਆ ਬਣਦੀ ਹੈ।

1.
ਆਰੀ-ਆਰੀ-ਆਰੀ
ਆਰੀ-ਆਰੀ-ਆਰੀ
ਵਿਚ ਜਗਰਾਮਾਂ ਦੇ

ਲਗਦੀ ਰੋਸ਼ਨੀ ਭਾਰੀ
ਬੋਲੀਆਂ ਦੀ ਸੜਕ ਬੰਨ੍ਹਾਂ
ਜਿਥੇ ਖਲਕਤ ਲੰਘੇ ਸਾਰੀ
ਬੋਲੀਆਂ ਦਾ ਖੂਹ ਭਰ ਦਿਆਂ
ਪਾਣੀ ਭਰੇ ਝਾਂਜਰਾਂ ਵਾਲੀ
ਬੋਲੀਆਂ ਦੀ ਗੱਡੀ ਲੱਦ ਦਿਆਂ
ਜ਼ੀਨੂੰ ਇੰਜਣ ਲੱਗੇ ਸਰਕਾਰੀ
ਨਿਮ ਕੇ ਚੱਕ ਪੱਠਿਆਂ
ਗੇਂਦ ਘੁੰਗਰੂਆਂ ਵਾਲ਼ੀ.....
*********
ਰੋਸ਼ਨੀ – ਜਗਰਾਵਾਂ ਦਾ ਰੌਸ਼ਨੀ ਦਾ ਮੇਲਾ, ਖਲਕਤ – ਦੁਨੀਆਂ, ਨਿਮ ਕੇ – ਨੀਵਾਂ ਹੋ ਕੇ, ਜ਼ੀਨੂੰ – ਜਿਸ ਨੂੰ।

2.
ਧਰਤੀ ਜੇਡ ਗ਼ਰੀਬ ਨਾ ਕੋਈ
ਧਰਤੀ ਜੇਡ ਗ਼ਰੀਬ ਨਾ ਕੋਈ,
ਇੰਦਰ ਜੇਡ ਨਾ ਦਾਤਾ।
ਲਛਮਣ ਜੇਡ ਜਤੀ ਨਾ ਕੋਈ,
ਰਾਮ ਜੇਡ ਨਾ ਭਰਾਤਾ।
ਬਰ੍ਹਮਾ ਜੇਡ ਨਾ ਪੰਡਤ ਕੋਈ,
ਸੀਤਾ ਜੇਡ ਨਾ ਮਾਤਾ।
ਬਾਬੇ ਨਾਨਕ ਜੇਡ ਭਗਤ ਨਾ ਕੋਈ,
ਜ਼ੀਨੇ ਹਰ ਕਾ ਨਾਮ ਜਪਾਤਾ।
ਦੁਨੀਆਂ ਧੰਦ ਪਿੱਟਦੀ।
ਰੱਬ ਸਭਨਾਂ ਦਾ ਦਾਤਾ.....!
**********
ਜੇਡ – ਜਿੱਡਾ, ਹਰ – ਪਰਮਾਤਮਾ, ਭਰਾਤਾ – ਭਰਾ।

3.
ਦੇਸ ਮੇਰੇ ਦੇ ਬਾਂਕੇ ਗੱਭਰੂ
ਦੇਸ ਮੇਰੇ ਦੇ ਬਾਂਕੇ ਗੱਭਰੂ,
ਮਸਤ ਅੱਲੜ੍ਹ ਮੁਟਿਆਰਾਂ।
ਨੱਚਦੇ ਟੱਪਦੇ ਗਿੱਧਾ ਪਾਉਂਦੇ,
ਗਾਉਂਦੇ ਰਹਿੰਗੇ ਵਾਰਾਂ।
ਪ੍ਰੇਮ ਲੜੀ ਵਿਚ ਇੰਜ ਪਰੋਤੇ,
ਜਿਉਂ ਕੂੰਜਾਂ ਦੀਆਂ ਡਾਰਾਂ।
ਮੌਤ ਨਾਲ਼ ਇਹ ਕਰਨ ਮਖ਼ੌਲਾਂ,
ਮਸਤੇ ਵਿਚ ਪਿਆਰਾਂ।
ਕੁਦਰਤ ਦੇ ਮੈਂ ਕਾਦਰ ਅੱਗੇ,
ਇਹੋ ਅਰਜ਼ ਗੁਜ਼ਾਰਾਂ।
ਦੇਸ ਪੰਜਾਬ ਦੀਆਂ,
ਖਿੜੀਆਂ ਰਹਿਣ ਬਹਾਰਾਂ.....।
**********
ਕੂੰਜ – ਇਕ ਪੰਛੀ, ਕਾਦਰ – ਪਰਮਾਤਮਾ, ਸ੍ਰਿਸ਼ਟੀ ਦਾ ਰਚਨਹਾਰਾ, ਅਰਜ਼ – ਬੇਨਤੀ, ਅਰਜ਼ੋਈ।

### 4.2.4 ਮਾਹੀਆ

'ਮਾਹੀਆ' ਪੋਠੋਹਾਰ ਦਾ ਮਿਠਾਸ ਅਤੇ ਭਾਵਾਂ ਨਾਲ ਭਰਪੂਰ ਲੋਕ-ਕਾਵਿ ਰੂਪ ਹੈ। ਮਾਹੀਏ ਵਿਚ ਬਲਵਾਨ ਰਸ ਅਤੇ ਜਜ਼ਬਾ ਹੁੰਦਾ ਹੈ। ਪੱਛਮੀ ਪੰਜਾਬ ਵਿਚ 'ਮਾਹੀਆ' ਗਾਉਣ ਦਾ ਰੁਝਾਣ ਕੁਝ ਜ਼ਿਆਦਾ ਹੈ। ਇਹ ਕਾਵਿ ਰੂਪ ਵੀ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੋਣ ਕਰਕੇ ਪੰਜਾਬੀਆਂ ਵਿਚ ਆਪਣੀ ਵਿਲੱਖਣ ਥਾਂ ਰੱਖਦਾ ਹੈ। 'ਮਾਹੀਆ' ਨੂੰ 'ਮਾਹੀਆ ਬਾਲੋ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਮਾਹੀਆ ਅਤੇ ਬਾਲੋ ਇਕ ਦੂਜੇ ਨੂੰ ਸੰਬੋਧਨ ਕਰ ਕੇ ਸਵਾਲ-ਜਵਾਬ ਵੀ ਕਰਦੇ ਹਨ। ਮਾਹੀਆ ਨੂੰ ਔਰਤਾਂ ਅਤੇ ਬਾਲੋ ਨੂੰ ਮਰਦ ਪਾਤਰ ਗਾਉਂਦੇ ਹਨ। ਕੁਝ ਇਕ ਦੂਸਰੇ ਕਾਵਿ ਰੂਪਾਂ ਵਾਂਗ ਇਹ ਕਾਵਿ ਰੂਪ ਵੀ ਮਾਨਵੀ ਸੱਧਰਾਂ, ਜਜ਼ਬਿਆਂ ਅਤੇ ਸੁਪਨਿਆਂ ਨੂੰ ਸਾਧਨ ਰੂਪ ਵਿਚ ਪ੍ਰਗਟ ਕਰਦਾ ਹੈ।

'ਮਾਹੀਆ' ਵਿਚ ਤਿੰਨ ਸਤਰਾਂ ਵਿਚ ਹੀ ਮਾਨਵੀ ਭਾਵ ਪ੍ਰਗਟ ਹੁੰਦੇ ਦਿਖਾਈ ਦਿੰਦੇ ਹਨ। 'ਮਾਹੀਆ' ਦੀ ਪਹਿਲੀ ਸਤਰ ਕਈ ਵਾਰ ਅਢੁੱਕਵੀਂ ਅਤੇ ਅਪ੍ਰਸੰਗਿਕ ਲੱਗਦੀ ਹੈ। ਅਗਲੀਆਂ ਦੋ ਸਤਰਾਂ ਵਿਚ ਮਾਹੀਆ ਦਾ ਮੂਲ ਭਾਵ/ਅਰਥ ਉੱਘੜ ਕੇ ਸਾਹਮਣੇ ਆਉਂਦਾ ਹੈ। ਪਹਿਲੀ ਤੁਕ ਲੈਅ ਨੂੰ ਕਾਇਮ ਰੱਖਣ ਲਈ ਅਤੇ ਤੁਕਾਂਤ ਦੇ ਧਿਆਨ ਹਿਤ ਸਿਰਜੀ ਜਾਂਦੀ ਹੈ। ਇਸ ਤੁਕ ਦਾ ਸਿੱਧੇ ਰੂਪ ਵਿਚ 'ਮਾਹੀਆ' ਦੇ ਅੰਤ੍ਰੀਵੀ ਭਾਵ ਨਾਲ ਸੰਬੰਧ ਹੋਣਾ ਲਾਜ਼ਮੀ ਨਹੀਂ ਹੁੰਦਾ।

ਦੇਸੀ ਅਤੇ ਸਥਾਨਕ ਰਾਗਣੀਆਂ ਨੂੰ 'ਮਾਹੀਆ' ਦੇ ਗਾਇਨ ਲਈ ਉਚਿਤ ਮੰਨਿਆ ਜਾਂਦਾ ਹੈ। ਕਰੁਣਾਮਈ ਭਾਵਾਂ ਦੇ ਪ੍ਰਗਟਾਅ ਲਈ ਮਾਹੀਏ ਦੀ ਧੁਨੀ ਨੂੰ 'ਮਾਂਡ' ਵਿਚ ਗਾਇਆ ਜਾਂਦਾ ਹੈ। ਮਾਹੀਆ ਗਾਉਣ ਵੇਲੇ ਕਈ ਵਾਰ ਘੜਾ, ਢੋਲਕੀ ਅਤੇ ਪਰਾਤ ਆਦਿ ਨੂੰ ਸਾਜ਼ਾਂ ਦੇ ਰੂਪ ਵਿਚ ਵਰਤ ਲਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਖੇਤੀ ਅਤੇ ਘਰ ਦੇ ਕੰਮ ਕਰਦੇ ਗੱਭਰੂ ਅਤੇ ਮੁਟਿਆਰਾਂ ਮਾਹੀਆ ਗਾਉਂਦੇ ਆਮ ਹੀ ਦੇਖੇ ਜਾ ਸਕਦੇ ਸਨ।

1. ਮੈਂ ਔਂਸੀਆਂ ਪਾਨੀ ਆਂ।
ਉਹ ਕਦੋਂ ਘਰ ਆਵੇ,
ਬੈਠੀ ਕਾਗ ਉਡਾਨੀ ਆਂ।

2. ਲੰਮੀਆਂ ਰਾਤਾਂ ਨੇ।
ਉਮਰਾਂ ਮੁੱਕ ਜਾਣੀਆਂ,
ਨਈਓਂ ਮੁੱਕਣੀਆਂ ਬਾਤਾਂ ਨੇ।

4. ਚਾਨਣੀਆਂ ਰਾਤਾਂ ਨੇ।
ਦੁਨੀਆਂ 'ਚ ਸਭ ਸੋਹਣੇ,
ਦਿਲ ਮਿਲੇ ਦੀਆਂ ਬਾਤਾਂ ਨੇ।

5. ਸਿਰ ਚੋਟਾਂ ਲੱਗੀਆਂ ਨੇ।
ਅਸਲ ਨਿਭਾਂਦੇ ਨੇ,
ਨੀਚ ਕਰਦੇ ਠੱਗੀਆਂ ਨੇ।

6. ਤੰਦੂਰੀ ਤਾਈ ਹੋਈ ਆ।
ਬਾਲਣ ਹੱਡੀਆਂ ਦਾ,
ਰੋਟੀ ਇਸ਼ਕੇ ਦੀ ਲਾਈ ਹੋਈ ਆ।

7. ਕੋਠੇ 'ਤੇ ਕਾਂ ਬੋਲੇ।
ਚਿੱਠੀ ਮੇਰੇ ਮਾਹੀਏ ਦੀ,
ਵਿੱਚ ਮੇਰਾ ਨਾਂ ਬੋਲੇ।

********

ਔਂਸੀਆਂ- ਕਿਸੇ ਦੇ ਆਉਣ ਦੀ ਉਡੀਕ ਵਿਚ ਔਂਸੀ ਦੇਵੀ ਦਾ ਧਿਆਨ ਕਰ ਕੇ ਜ਼ਮੀਨ ਜਾਂ ਕੰਧਾਂ 'ਤੇ ਲਕੀਰਾਂ ਵਾਹੁਣੀਆਂ, ਕਾਗ- ਕਾਂ, ਨੀਚ- ਨੀਵੀਂ ਸੋਚ ਵਾਲੇ, ਤੰਦੂਰੀ- ਰੋਟੀਆਂ ਪਕਾਉਣ ਵਾਲਾ ਤੰਦੂਰ, ਤਾਈ- ਤਪਾਈ, ਫ਼ਜ਼ਲ- ਮਿਹਰ।

**ਅਭਿਆਸ ਦੂਜਾ**

ਪ੍ਰਸ਼ਨ 1. 'ਆਰੀ-ਆਰੀ-ਆਰੀ' ਵਾਲੀ ਬੋਲੀ ਵਿਚ ਬੋਲੀਆਂ ਦੁਆਰਾ ਕੀ-ਕੀ ਕਰਨ ਦੀਆਂ ਗੱਲਾਂ ਕੀਤੀਆਂ ਗਈਆਂ ਹਨ?

ਉੱਤਰ .....

.....

.....

.....

ਪ੍ਰਸ਼ਨ 2. 'ਧਰਤੀ ਜੇਡ ਗ਼ਰੀਬ ਨਾ ਕੋਈ' ਵਾਲੀ ਬੋਲੀ ਵਿਚੋਂ ਰਮਾਇਣ ਨਾਲ ਸੰਬੰਧਿਤ ਤਿੰਨ ਪਾਤਰਾਂ ਦੀ ਚੋਣ ਕਰੋ ਅਤੇ ਇਹ ਵੀ ਦੱਸੋ ਕਿ ਬੋਲੀ ਵਿਚ ਉਨ੍ਹਾਂ ਦੀ ਪੇਸ਼ਕਾਰੀ ਕਿਸ ਰੂਪ ਵਿਚ ਹੋਈ ਹੈ?

ਉੱਤਰ .....

.....

.....

.....

ਪ੍ਰਸ਼ਨ 3. 'ਦੇਸ ਮੇਰੇ ਦੇ ਬਾਂਕੇ ਗੱਭਰੂ' ਬੋਲੀ ਵਿਚ ਗੱਭਰੂ ਤੇ ਮੁਟਿਆਰਾਂ ਕਿਹੋ ਜਿਹੇ ਹਨ ਅਤੇ ਕੀ-ਕੀ ਕਰਦੇ ਦਿਖਾਏ ਗਏ ਹਨ?

ਉੱਤਰ .....

.....

.....

.....

ਪ੍ਰਸ਼ਨ 4. ਮੈਂ ਔਂਸੀਆਂ ਪਾਨੀ ਆਂ' ਮਾਹੀਏ ਵਿਚ ਕਿਹੋ ਜਿਹਾ ਭਾਵ ਪੇਸ਼ ਹੋਇਆ ਹੈ?

ਉੱਤਰ .....

.....

.....

.....

ਪ੍ਰਸ਼ਨ 5. ਪਾਠ-ਪੁਸਤਕ ਆਧਾਰਿਤ ਕੋਈ ਅਜਿਹਾ ਮਾਹੀਆ ਚੁਣੋ, ਜਿਸ ਵਿਚ ਮਾਹੀ ਦੇ ਵਿਛੋੜੇ ਨੂੰ ਕਿਸੇ ਪਵਿੱਤਰ ਸਥਾਨ ਦੇ ਸਮਾਨ ਦਰਸਾਇਆ ਗਿਆ ਹੈ?

ਉੱਤਰ .....

.....

.....

.....

ਪ੍ਰਸ਼ਨ 6. ਪਾਠ-ਪੁਸਤਕ ਵਿਚੋਂ ਕਿਸੇ ਅਜਿਹੇ ਮਾਹੀਏ ਨੂੰ ਆਪਣੇ ਸ਼ਬਦਾਂ ਵਿਚ ਲਿਖੋ, ਜਿਸ ਵਿਚ ਇਸ਼ਕ ਦਾ ਜ਼ਿਕਰ ਹੋਵੇ?

ਉੱਤਰ .....

.....

.....

.....

## 4.3 ਪੰਜਾਬ ਦੇ ਮੇਲੇ

ਕਿਸੇ ਜਾਤੀ ਦੀ ਸੰਸਕ੍ਰਿਤਿਕ ਨੁਹਾਰ ਮੇਲਿਆਂ ਤੇ ਤਿਉਹਾਰਾਂ ਵਿੱਚੋਂ ਪੂਰੇ ਰੰਗ ਵਿੱਚ ਪ੍ਰਤਿਬਿੰਬਤ ਹੁੰਦੀ ਹੈ।

**ਮੇਲੇ** :- ਮੇਲਿਆਂ ਵਿੱਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ, ਲੋਕ-ਪ੍ਰਤਿਭਾ ਨਿਖਰਦੀ ਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮਨ-ਪਰਚਾਵੇ ਤੇ ਮੇਲ-ਜੋਲ ਦੇ ਸਮੂਹਿਕ ਵਸੀਲੇ ਹੋਣ ਦੇ ਨਾਲ, ਮੇਲੇ ਧਾਰਮਿਕ ਤੇ ਕਲਾਤਮਿਕ ਭਾਵਾਂ ਦੀ ਵੀ ਤ੍ਰਿਪਤੀ ਕਰਦੇ ਹਨ। ਇਹਨਾਂ ਵਿੱਚ ਜਾਤੀ ਦਾ ਸਮੁੱਚਾ ਮਨ ਤਾਲ-ਬੱਧ ਹੋ ਕੇ ਨੱਚਦਾ ਤੇ ਇੱਕਸੁਰ ਹੋ ਕੇ ਗੂੰਜਦਾ ਹੈ।

ਮੇਲਾ, ਬੀਜ ਰੂਪ ਵਿੱਚ, ਪੰਜਾਬੀ ਚਰਿੱਤਰ ਵਿੱਚ ਹੀ ਸਮਾਇਆ ਹੋਇਆ ਹੈ। ਪੰਜਾਬੀਆਂ ਲਈ ਹਰ ਪਲ ਪੁਰਬ ਤੇ ਹਰ ਦਿਨ ਮੇਲਾ ਹੁੰਦਾ ਹੈ ਦੂਜੇ ਪ੍ਰਾਂਤਾਂ ਵਾਲੇ ਕਿਹਾ ਕਰਦੇ ਹਨ ਕਿ ਪੰਜਾਬੀ ਆਏ ਹੀ ਦੁਨੀਆਂ ਵਿੱਚ ਮੇਲਾ ਮਨਾਉਂਦੇ ਹਨ। ਜਿੱਥੇ ਚਾਰ ਛੇ ਪੰਜਾਬੀ ਜੁੜ

ਜਾਣ, ਉਹ ਤੁਰਦਾ ਫਿਰਦਾ ਮੇਲਾ ਬਣ ਜਾਂਦਾ ਹੈ। ਪਰ ਜਦੋਂ ਸੱਚ-ਮੁੱਚ ਹੀ ਕੋਈ ਤਿਉਹਾਰ ਜਾਂ ਮੇਲਾ ਹੋਵੇ, ਫੇਰ ਤਾਂ ਪੰਜਾਬੀਆਂ ਦਾ ਜਲਾਲ ਤੇ ਭਖਦਾ ਉਤਸ਼ਾਹ ਵੇਖਣ ਵਾਲਾ ਹੁੰਦਾ ਹੈ।

ਮੇਲਾ ਇੱਕੋ ਇੱਕ ਅਜਿਹਾ ਇਕੱਠ ਹੈ, ਜਿਸ ਵਿੱਚ ਸਭ ਲਾੜੇ ਹੁੰਦੇ ਹਨ, ਬਰਾਤੀ ਕੋਈ ਵੀ ਨਹੀਂ। ਪੰਜਾਬੀ ਤਾਂ ਮੇਲੇ ਵਿੱਚ ਸੱਚ-ਮੁੱਚ ਲਾੜਾ ਬਣਿਆ ਫਿਰਦਾ ਹੈ ਉਸ ਦਾ 'ਨਿਜ' ਘੋੜੀ ਚੜ੍ਹਿਆ ਹੁੰਦਾ ਹੈ। ਪੰਜਾਬੀ ਦੇ ਹਰ ਮੇਲੇ ਦੀ ਆਪਣੀ ਨਵੇਕਲੀ ਸ਼ਖ਼ਸੀਅਤ, ਰੰਗ ਤੇ ਚਰਿੱਤਰ ਹੈ। ਇਹਨਾਂ ਦੀ ਬਹੁ-ਰੰਗਤ ਪੰਜਾਬੀਆਂ ਦੀ ਬਹੁ-ਪੱਖੀ ਜ਼ਿੰਦਗੀ ਦਾ ਹੁੰਗਾਰਾ ਭਰਦੀ ਹੈ। ਮੇਲੇ ਦਾ ਹਰ ਦ੍ਰਿਸ਼ ਮਨਮੋਹਣਾ ਤੇ ਲੁਭਾਵਣਾ ਹੋਣ ਦੇ ਨਾਲ, ਸੱਭਿਆਚਾਰਿਕ ਪ੍ਰਤਿਨਿਧਤਾ ਵੀ ਕਰਦਾ ਹੈ। ਪੰਜਾਬੀ ਹਰ ਪੁਰਬ ਤੇ ਮੇਲੇ ਉੱਤੇ ਕੋਈ ਨਵੀਂ ਚੀਜ਼ ਜ਼ਰੂਰ ਖ਼ਰੀਦਦੇ ਹਨ। ਇਸੇ ਲਈ ਹਰ ਮੇਲੇ ਵਿੱਚ ਇੱਕ ਭਰਪੂਰ ਬਜ਼ਾਰ ਉਭਰ ਆਉਂਦਾ ਹੈ, ਜਿੱਥੇ ਖਾਣ-ਪੀਣ ਦੀਆਂ ਵੰਨ-ਸਵੰਨੀਆਂ ਚੀਜ਼ਾਂ ਦੇ ਨਾਲ ਨਿੱਤ ਵਰਤੋਂ ਦਾ ਨਿੱਕ-ਸੁੱਕ, ਚੂੜੀਆਂ, ਵੰਗਾਂ, ਹਾਰ ਸ਼ਿੰਗਾਰ ਤੇ ਖਿਡੌਣਿਆਂ ਆਦਿ ਦੀਆਂ ਦੁਕਾਨਾਂ, ਨਵੀਂ ਵਹੁਟੀ ਵਾਂਗ ਸਜੀਆਂ ਹੁੰਦੀਆਂ ਹਨ। ਇਲਾਕੇ ਦੇ ਕਲਾਕਾਰ ਤੇ ਸ਼ਿਲਪੀ ਆਪੋ-ਆਪਣੀ ਕਲਾ ਦੀਆਂ ਸੁੰਦਰ ਕ੍ਰਿਤਾਂ, ਮੇਲੇ ਵਿੱਚ ਲਿਆ ਕੇ, ਉਸ ਦੇ ਹੁਸਨ ਨੂੰ ਨਿਖਾਰਦੇ ਹਨ।

### 4.3.1 ਮੇਲਿਆਂ ਦਾ ਕਾਫ਼ਲਾ

ਮੇਲੇ ਕਈ ਵੰਨਾਂ ਦੇ ਹਨ ਤੇ ਇਹਨਾਂ ਦਾ ਸਜੀਲਾ ਕਾਫ਼ਲਾ ਸਦਾ ਤੁਰਦਾ ਰਹਿੰਦਾ ਹੈ। ਪੰਜਾਬ ਦੇ ਬਹੁਤ ਮੇਲੇ ਮੌਸਮਾਂ, ਰੁੱਤਾਂ ਅਤੇ ਤਿਉਹਾਰਾਂ ਨਾਲ ਸੰਬੰਧਿਤ ਹਨ। ਮੌਸਮੀ ਮੇਲੇ, ਜੋ ਮਨੁੱਖੀ ਮਨ ਦੀ ਕੁਦਰਤ ਨਾਲ ਇੱਕਸੁਰਤਾ ਦੇ ਪ੍ਰਤੀਕ ਹਨ, ਰੁੱਤਾਂ ਦੇ ਬਦਲਦੇ ਗੇੜ ਵਿੱਚੋਂ ਜਨਮੇ ਹਰ ਨਵੀਂ ਰੁੱਤ ਆਪਣੇ ਨਾਲ ਨਵੇਂ ਪ੍ਰਕਿਰਤਿਕ ਵਾਤਾਵਰਨ ਨੂੰ ਲਿਆਉਂਦੀ ਜੀਵਨ ਵਿੱਚ ਨਵਾਂ ਸਾਹਸ ਭਰਦੀ ਤੇ ਅੱਖਾਂ ਵਿੱਚ ਨਵੇਂ ਸੁਪਨੇ ਲਟਕਾਂਦੀ ਹੈ। ਰੁੱਤਾਂ ਵਿੱਚੋਂ ਸਭ ਤੋਂ ਮਿੱਠੀ ਤੇ ਹੁਸੀਨ ਰੁੱਤ ਬਸੰਤ ਦੀ ਹੈ। ਇਸ ਸੁਹਾਵਣੀ ਰੁੱਤੇ ਮਾਘ ਸੁਦੀ ਪੰਜ ਨੂੰ ਬਸੰਤ ਪੰਚਮੀ ਦਾ ਤਿਉਹਾਰ ਸਾਰੇ ਪੰਜਾਬ ਵਿੱਚ ਬੜੇ ਹੁਲਾਸ ਤੇ ਚਾਅ ਨਾਲ ਮਨਾਇਆ ਜਾਂਦਾ ਹੈ। ਅਨੇਕਾਂ ਥਾਂਈਂ ਨਿੱਕੇ-ਵੱਡੇ ਮੇਲੇ ਲਗਦੇ ਹਨ। ਪਟਿਆਲੇ ਤੇ ਛੇਹਰਟਾ ਦੀ ਬਸੰਤ ਪੰਚਮੀ ਖ਼ਾਸ ਪ੍ਰਸਿੱਧ ਹੈ। ਦੇਸ਼ ਵੰਡ ਤੋਂ ਪਹਿਲਾਂ ਬਸੰਤ ਦਾ ਇੱਕ ਵੱਡਾ ਮੇਲਾ ਹਕੀਕਤ ਰਾਇ ਦੀ ਸਮਾਧ ਉੱਤੇ, ਲਾਹੌਰ ਵਿੱਚ ਲੱਗਿਆ ਕਰਦਾ ਸੀ।

ਫੱਗਣ ਵਿੱਚ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹੋਲੀ ਰੰਗਾਂ ਦਾ ਤਿਉਹਾਰ ਹੈ ਕਹਿੰਦੇ ਹਨ ਕਿ ਰੰਗਾਂ ਵਿੱਚ ਕੁਦਰਤ ਵਸਦੀ ਹੈ ਤੇ ਕੁਦਰਤ ਵਿੱਚ ਰੱਬ। ਰੰਗਾਂ ਨਾਲ਼ ਖੇਡਦਾ ਪੰਜਾਬੀ ਕੁਦਰਤ ਤੇ ਰੱਬ ਦੋਹਾਂ ਨਾਲ ਇੱਕਸੁਰ ਹੋ ਜਾਂਦਾ ਹੈ।
ਇਹ ਤਿਉਹਾਰ ਪ੍ਰਾਚੀਨ ਕਾਲ ਤੋਂ ਚੱਲਿਆ ਆ ਰਿਹਾ ਹੈ, ਜਿਸ ਵਿੱਚ ਹਰ ਯੁਗ ਕਈ ਵਿਸ਼ਵਾਸ ਤੇ ਧਾਰਮਿਕ ਅੰਸ਼ ਰਚਾਂਦਾ ਰਿਹਾ ਹੈ, ਜਿਸ ਕਰਕੇ ਇਸ ਦਾ ਮੂਲ ਸਰੂਪ ਨਿਤਾਰਨਾ ਕਠਨ ਹੋ ਗਿਆ ਹੈ। ਕਈ ਹੋਲੀ ਨੂੰ ਪੁਰਾਣਿਕ ਕਾਲ ਦੇ ਪ੍ਰਹਿਲਾਦ ਭਗਤ ਦੀ ਕਥਾ ਨਾਲ ਜੋੜਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੁਰਬ ਨੂੰ, ਪੰਜਾਬੀਆਂ ਦੀਆਂ ਬੀਰ-ਭਾਵਨਾਵਾਂ ਨੂੰ ਪ੍ਰਜਵੱਲਿਤ ਕਰਨ ਲਈ ਨਵੀਂ ਦਿਸ਼ਾ ਦਿੱਤੀ। ਉਹ ਹੋਲੀ ਵਾਲੇ ਦਿਨ ਅਨੰਦਪੁਰ ਸਾਹਿਬ ਵਿੱਚ ਇੱਕ ਦਰਬਾਰ ਸਜਾਇਆ ਕਰਦੇ ਸਨ, ਜਿਸ ਵਿੱਚ ਸੂਰਮੇ ਇਕੱਠੇ ਹੋ ਕੇ ਸ਼ਸਤਰਾਂ ਦੇ ਕਰਤੱਬ ਵਿਖਾਉਂਦੇ ਅਤੇ ਗੁਰੂ ਜੀ ਸਿਰਕੱਢ ਸੂਰਮਿਆਂ ਨੂੰ ਇਨਾਮ ਤੇ ਸਨਮਾਨ ਦਿੱਤਾ ਕਰਦੇ ਸਨ। ਹੁਣ ਵੀ ਹੋਲੇ ਮਹੱਲੇ ਨੂੰ ਅਨੰਦਪੁਰ ਵਿੱਚ ਭਾਰੀ ਮੇਲਾ ਜੁੜਦਾ ਹੈ।

ਸਾਂਵਣ ਦੀ ਰੁੱਤ ਦਾ ਆਪਣਾ ਸਵਾਦ ਹੈ। ਇਸ ਸੁਹਾਵਣੀ ਰੁੱਤੇ ਤੀਆਂ ਦੇ ਮੌਸਮੀ ਮੇਲੇ ਲਗਦੇ ਹਨ। ਨਵੀਆਂ ਵਿਆਹੀਆਂ-ਵਰ੍ਹੀਆਂ ਕੁੜੀਆਂ ਇਸ ਤੱਥ ਦੀ ਉਡੀਕ ਖ਼ਾਸ ਉਤਸੁਕਤਾ ਨਾਲ ਕਰਦੀਆਂ ਹਨ। ਤੀਆਂ ਦਾ ਮੇਲਾ ਹਰ ਪਿੰਡ ਵਿੱਚ ਲਗਦਾ ਹੈ, ਜੇ ਹੋਰ ਕੁਝ ਨਹੀਂ ਤਾਂ ਪਿੰਡ ਦੀਆਂ ਕੁੜੀਆਂ, ਪਿਪਲਾਂ ਹੇਠਾਂ ਪੀਂਘਾਂ ਪਾ ਕੇ ਝੂਟਦੀਆਂ ਤੇ ਤੀਆਂ ਦੇ ਗੀਤ ਗਾਉਂਦੀਆਂ, ਮੇਲਾ ਰਚ ਲੈਂਦੀਆਂ ਹਨ।
ਪੰਜਾਬ ਦੇ ਕੁਝ ਮੇਲੇ, ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸਰਪ-ਪੂਜਾ ਦੀ ਦੇਣ ਹਨ। ਪੁਰਾਣ-ਕਥਾਵਾਂ ਅਨੁਸਾਰ ਧਰਤੀ ਸ਼ੇਸ਼ਨਾਗ ਦੇ ਫਣਾਂ ਉੱਤੇ ਖੜੀ ਹੈ। ਪਰਲੋ ਵੇਲੇ ਵਿਸ਼ਨੂੰ ਭਗਵਾਨ ਸ਼ੇਸ਼ਨਾਗ ਦੀ ਸੇਜ ਉੱਤੇ ਹੀ ਨਿਵਾਸ ਕਰਦੇ ਹਨ ਅਤੇ ਸ਼ੇਸ਼ਨਾਗ ਆਪਣੇ ਹਜ਼ਾਰ ਫਣਾਂ ਨਾਲ, ਵਿਸ਼ਨੂੰ ਦੇ ਸਿਰ ਉੱਤੇ ਛਤਰ ਵਾਂਗ ਝੂਲਦਾ ਰਹਿੰਦਾ ਹੈ। ਆਦਿ ਮਨੁੱਖ ਦਾ ਵਿਸ਼ਵਾਸ ਸੀ ਕਿ ਸ਼ੇਸ਼ਨਾਗ ਭੋਇੰ ਦੀ ਉਤਪਾਦਿਕਤਾ ਉੱਤੇ ਵੀ ਅਸਰ ਪਾਉਂਦਾ ਹੈ। ਪਹਿਲੇ ਸਮਿਆਂ ਵਿੱਚ ਕਿਸਾਨ ਪੈਲੀ ਨੂੰ ਵਾਹੁਣ, ਬੀਜਣ ਤੇ ਵੱਢਣ ਤੋਂ ਪਹਿਲਾਂ ਨਾਗ ਪੂਜਿਆ ਕਰਦਾ ਸੀ ਅਤੇ ਇਹਨੀਂ ਦਿਨੀਂ ਖੇਤਾਂ ਦੇ ਨੇੜੇ ਮੇਲੇ ਵੀ ਲੱਗਿਆ ਕਰਦੇ ਸਨ, ਜਿਨ੍ਹਾਂ ਵਿੱਚ ਨਾਗ ਦੇਵਤੇ ਦੀ ਉਚੇਚੀ ਪੂਜਾ ਕੀਤੀ ਜਾਂਦੀ ਸੀ ਤੇ ਇਹਨਾਂ ਮੇਲਿਆਂ ਨੂੰ ਨਾਗ-ਮਾਹਾ ਕਿਹਾ ਜਾਂਦਾ ਸੀ।

### 4.3.2 ਛਪਾਰ ਦਾ ਮੇਲਾ

ਇਹ ਮੇਲਾ ਲੁਧਿਆਣੇ ਦੇ ਪਿੰਡ ਛਪਾਰ ਵਿੱਚ, ਭਾਦਰੋਂ ਸੁਦੀ ਚੌਦਾਂ ਨੂੰ ਲਗਦਾ ਹੈ। ਇੱਥੇ , ਪਿੰਡ ਦੀ ਦੱਖਣੀ ਗੁੱਠੇ ਗੁੱਗੇ ਪੀਰ ਦੀ ਇੱਕ ਮਾੜੀ ਹੈ ਇਸ ਦੀ ਗੁੱਗੇ ਦੇ ਭਗਤਾਂ ਨੇ, ਰਾਜਸਥਾਨ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ 1880 ਬਿਕਰਮੀ ਵਿੱਚ, ਇੱਥੇ ਸਥਾਪਨਾ। ਉਦੋਂ ਤੋਂ ਹੀ ਇਹ ਮੇਲਾ ਚੱਲਿਆ ਆ ਰਿਹਾ ਹੈ। ਛਪਾਰ ਦਾ ਮੇਲਾ ਭਾਵੇਂ ਗੁੱਗੇ ਦੀ ਸਮ੍ਰਿਤੀ ਵਿੱਚ ਲਗਦਾ ਹੈ, ਪਰ ਇਸ ਵਿੱਚ ਗੁੱਗੇ ਦੇ ਭਰਾਤਾਂ ਤੋਂ ਬਿਨਾਂ ਦੂਜੇ ਲੋਕ ਵੀ ਚੋਖੀ ਮਾਤਰਾ ਵਿੱਚ ਸ਼ਾਮਲ ਹੁੰਦੇ ਹਨ ਅਤੇ ਇਸ ਮੇਲੇ ਦਾ ਚਰਿੱਤਰ ਲੌਕਿਕ ਹੋ ਗਿਆ ਹੈ। ਇਸ ਮੇਲੇ ਵਿੱਚ ਪੰਜਾਬੀਆਂ ਨੂੰ ਉਹਨਾਂ ਦੇ ਪੂਰੇ ਰੰਗਾਂ ਵਿੱਚ ਵੇਖਿਆ ਜਾ ਸਕਦਾ ਹੈ।

### 4.3.3 ਦੇਵੀ ਮਾਤਾ ਦੇ ਮੇਲੇ

ਕੁਝ ਮੇਲੇ ਦੇਵੀ ਮਾਤਾ ਨੂੰ ਪਤਿਆਣ ਲਈ ਲਗਦੇ ਹਨ ਦੇਵੀ ਮਾਤਾ ਦੀ ਪੂਜਾ ਇੱਥੇ ਮੁੱਢ ਕਦੀਮ ਤੋਂ ਚੱਲੀ ਆ ਰਹੀ ਹੈ। ਮਹਿੰਜੋਦੜੋ ਤੇ ਹੜੱਪਾ ਦੀ ਖੋਦਾਈ ਵਿੱਚੋਂ ਕੁਝ ਮੂਰਤੀਆਂ ਦੇਵੀ ਮਾਤਾ ਦੀਆਂ ਵੀ ਲੱਭੀਆਂ ਹਨ। ਪੰਜਾਬ ਦੇ ਪਹਾੜੀ ਇਲਾਕੇ ਵਿੱਚ ਦੇਵੀ ਮਾਤਾ ਦੀ ਪੂਜਾ, ਮੈਦਾਨੀ ਇਲਾਕੇ ਦੇ ਮੁਕਾਬਲੇ ਵਿੱਚ ਜ਼ਿਆਦਾ ਪ੍ਰਚਲਿਤ ਹੈ। ਦੇਵੀ ਦਾ ਮੁਖ ਅਸਥਾਨ ਜਵਾਲਾਮੁਖੀ ਹੈ, ਦੇਵੀ ਦੇ ਕੁਝ ਹੋਰ ਸਥਾਨ ਚਿੰਤਪੂਰਨੀ, ਨੈਨਾ ਤੇ ਮਨਸਾ ਵਿੱਚ ਹਨ ਤੇ ਇਹਨਾਂ ਸਥਾਨਾਂ ਕਰਕੇ ਦੇਵੀ ਦੇਵੀ ਇਹੋ ਨਾਂ ਪ੍ਰਚਲਿਤ ਹੋ ਗਏ ਹਨ। ਦੇਵੀ ਨਾਲ ਸੰਬੰਧਿਤ ਮੇਲੇ ਬਹੁਤੇ ਚੇਤਰ ਤੇ ਅੱਸੂ ਵਿੱਚ ਨੌਰਾਤਿਆਂ ਦੇ ਦਿਨੀਂ ਲਗਦੇ ਹਨ। ਨਿੱਕੇ-ਨਿੱਕੇ ਮੇਲੇ ਤਾਂ ਕਈ ਥਾਂਈਂ ਜੁੜਦੇ ਹਨ, ਪਰ ਚੰਡੀਗੜ੍ਹ ਦੇ ਨੇੜੇ ਮਨੀਮਾਜਰਾ ਵਿੱਚ ਹਰ ਸਾਲ ਦੇਵੀ ਦੇ ਦੋ ਭਰਵੇਂ ਮੇਲੇ ਲਗਦੇ ਹਨ। ਇਸੇ ਤਰ੍ਹਾਂ ਹੁਸ਼ਿਆਰਪੁਰ ਵਿੱਚ ਚਿੰਤਪੂਰਨੀ ਵਿਖੇ ਸਾਲ ਵਿੱਚ ਤਿੰਨ ਵੱਡੇ ਮੇਲੇ ਲਗਦੇ ਹਨ।

### 4.3.4 ਜਰਗ ਦਾ ਮੇਲਾ

ਇਹ ਮੇਲਾ ਚੇਤਰ ਦੇ ਮਹੀਨੇ ਦੇ ਪਹਿਲੇ ਮੰਗਲਵਾਰ ਨੂੰ ਜਰਗ ਪਿੰਡ ਵਿੱਚ ਸੀਤਲਾ ਦੇਵੀ ਨੂੰ ਪਤਿਆਉਣ ਲਈ ਲਗਦਾ ਹੈ। ਲੋਕਾਂ ਦਾ ਨਿਸਚਾ ਹੈ ਕਿ ਬੱਚਿਆਂ ਨੂੰ ਚੇਚਕ ਦੇ ਦਾਣੇ, ਸੀਤਲਾ ਦੇਵੀ ਦੇ ਪ੍ਰਵੇਸ਼ ਕਰਨ ਨਾਲ ਨਿਕਲਦੇ ਹਨ। ਸੀਤਲਾ ਦੇਵੀ ਨੂੰ ਖ਼ੁਸ਼ ਰੱਖਣ ਲਈ, ਕਈ ਰੱਖਾਂ ਤੇ ਉਪਾਅ ਕੀਤੇ ਜਾਂਦੇ ਹਨ। ਜਿਨ੍ਹਾਂ ਮਾਂਵਾਂ ਦੇ ਬੱਚੇ ਅਰੋਗ ਹੋ ਜਾਂਦੇ ਹਨ, ਉਹ ਉਚੇਚੇ ਤੌਰ ਉੱਤੇ ਜਰਗ ਦੇ ਮੇਲੇ 'ਤੇ ਸੁਖਣਾ ਦੇਣ ਆਉਂਦੀਆਂ ਹਨ।

ਜਰਗ ਦਾ ਮੇਲਾ ਇੱਕ ਟੋਭੇ ਦੁਆਲੇ ਲਗਦਾ ਹੈ। ਮਾਤਾ ਦੀ ਪੂਜਾ ਕਰਨ ਵਾਲੇ, ਟੋਭੇ ਵਿੱਚੋਂ ਮਿੱਟੀ ਕੱਢ ਕੇ, ਇੱਕ ਮਟੀਲਾ ਜਿਹਾ ਖੜ੍ਹਾ ਕਰ ਲੈਂਦੇ ਹਨ। ਇਸ ਮਟੀਲੇ ਨੂੰ ਮਾਤਾ ਦਾ ਰੂਪ ਮੰਨ ਕੇ ਪੂਜਿਆ ਜਾਂਦਾ ਹੈ ਤੇ ਭੇਟਾਵਾਂ ਚਾੜ੍ਹੀਆਂ ਜਾਂਦੀਆਂ ਹਨ।
ਇਸ ਮੇਲੇ ਵਿੱਚ, ਦੇਵੀ ਮਾਤਾ ਨੂੰ ਬਹਿੜੀਏ ਅਥਵਾ ਬਹੇ ਗੁਲਗੁਲੇ ਭੇਟ ਕੀਤੇ ਜਾਂਦੇ ਹਨ। ਇਸੇ ਤੋਂ, ਇਸ ਮੇਲੇ ਨੂੰ 'ਬਹਿੜੀਏ ਦਾ ਮੇਲਾ' ਵੀ ਕਿਹਾ ਜਾਣ ਲੱਗ ਪਿਆ ਹੈ। ਜਿਨ੍ਹਾਂ ਲੋਕਾਂ ਨੇ ਸੁੱਖਾਂ ਸੁੱਖੀਆਂ ਹੁੰਦੀਆਂ ਹਨ, ਉਹਨਾਂ ਦੁਆਰਾ ਮੇਲੇ ਦੀ ਪੂਰਬ ਸੰਧਿਆ ਨੂੰ ਮਾਈ ਦੀ ਭੇਟਾ ਲਈ ਗੁਲਗੁਲੇ ਪਕਾ ਕੇ ਪਹਿਲਾਂ ਸੀਤਲਾ ਦੇਵੀ ਦੇ ਵਾਹਣ, ਖੋਤੇ ਨੂੰ, ਖਵਾਏ ਜਾਂਦੇ ਹਨ ਤੇ ਫਿਰ ਕੁਝ ਵੰਡੇ ਤੇ ਕੁਝ ਆਪ ਖਾਧੇ ਜਾਂਦੇ ਹਨ।

### 4.3.5 ਜਗਰਾਵਾਂ ਦੀ ਰੋਸ਼ਨੀ

ਰੋਸ਼ਨੀ ਦਾ ਮੇਲਾ, ਜਗਰਾਵਾਂ ਵਿੱਚ, ਪ੍ਰਸਿੱਧ ਸੂਫ਼ੀ ਫ਼ਕੀਰ ਅਬਦੁੱਲ ਕਾਦਰ ਜਿਲਾਨੀ ਦੀ ਕਬਰ ਉੱਤੇ ਹਰ ਸਾਲ ੧੪,੧੫ ਤੋਂ ੧੬ ਫੱਗਣ ਨੂੰ ਲਗਦਾ ਹੈ। ਭਾਵੇਂ ਇਹ ਮੇਲਾ ਮੁਸਲਮਾਨੀ ਮੁੱਢ ਦਾ ਹੈ, ਪਰ ਇਲਾਕੇ ਦੇ ਹਿੰਦੂ ਸਿੱਖ ਵੀ ਇਸ ਮੇਲੇ ਵਿੱਚ ਹੁੰਮ ਹੁੰਮਾ ਕੇ ਸ਼ਾਮਲ ਹੁੰਦੇ ਹਨ। ਦੇਸ਼ ਦੀ ਵੰਡ ਪਿੱਛੋਂ, ਮੁਸਲਮਾਨਾਂ ਦੇ ਪੰਜਾਬ ਵਿੱਚੋਂ ਹਿਜਰਤ ਕਰ ਜਾਣ ਮਗਰੋਂ ਵੀ, ਇਹ ਮੇਲਾ, ਪਹਿਲਾਂ ਵਾਂਗ ਹੀ, ਉਸੇ ਜੋਸ਼ ਤੇ ਉਮੰਗ ਨਾਲ ਲਗਾਤਾਰ ਲੱਗ ਰਿਹਾ ਹੈ। ਇਸ ਮੇਲੇ ਦਾ ਨਾਂਉਂ 'ਰੋਸ਼ਨੀ' ਇਸ ਲਈ ਪਿਆ ਕਿ ਮੇਲੇ ਦੇ ਦਿਨੀਂ ਪੀਰ ਦੀ ਕਬਰ ਉੱਤੇ ਅਨੇਕਾਂ ਚਿਰਾਗ ਬਾਲੇ ਜਾਂਦੇ ਹਨ, ਜਿਨ੍ਹਾਂ ਦੀ ਰੋਸ਼ਨੀ ਕਾਫ਼ੀ ਦੂਰੋਂ ਵਿਖਾਈ ਦਿੰਦੀ ਤੇ ਅਲੌਕਿਕ ਦ੍ਰਿਸ਼ ਪੇਸ਼ ਕਰਦੀ ਹੈ। ਇਸ ਮੇਲੇ ਦਾ ਆਪਣਾ ਜਲੌ ਹੈ।

ਮਲੇਰਕੋਟਲੇ ਵਿੱਚ, ਹੈਦਰ ਸ਼ੇਖ਼ ਦੇ ਮਕਬਰੇ ਉੱਤੇ ਨਿਮਾਣੀ ਇਕਾਦਸ਼ੀ ਨੂੰ ਇੱਕ ਭਾਰੀ ਮੇਲਾ ਲੱਗਦਾ ਹੈ। ਮਲੇਰਕੋਟਲੇ ਵਿੱਚ ਹੀ ਪੋਹ ਦੇ ਪਹਿਲੇ ਵੀਰਵਾਰ ਨੂੰ ਸਖੀਸਰਵਰ ਦਾ ਇੱਕ ਹੋਰ ਮੇਲਾ ਲਗਦਾ ਹੈ, ਜਿਸ ਨੂੰ 'ਨਿਗਾਹਾ ਮੇਲਾ' ਕਹਿੰਦੇ ਹਨ। ਅਜਿਹਾ ਹੀ ਇੱਕ ਮੇਲਾ ਮੋਗੇ ਵਿੱਚ ਵੀ ਲੱਗਦਾ ਹੈ। ਲੁਧਿਆਣੇ ਦੇ ਭਾਡਲਾ ਪਿੰਡ ਵਿਖੇ ਵੀ ਸਖੀਸਰਵਰ ਦੀ ਖ਼ਾਨਗਾਹ ਉੱਤੇ ਜੇਠ ਦੇ ਚਾਨਣ ਪੱਖ ਦੇ ਪਹਿਲੇ ਵੀਰਵਾਰ ਨੂੰ ਇੱਕ ਮੇਲਾ ਲਗਦਾ ਹੈ।

### 4.3.6 ਗੁਰੂ ਸਾਹਿਬਾਂ ਦੀ ਸਮ੍ਰਿਤੀ ਵਿੱਚ ਮੇਲੇ

ਪੰਜਾਬ ਗੁਰੂਆਂ ਦੀ ਇਲਾਹੀ ਧਰਤੀ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ ਪੰਜਾਬ ਜਿਊਂਦਾ ਹੀ ਗੁਰਾਂ ਦੇ ਨਾਂ ਉੱਤੇ ਹੈ। ਪੰਜਾਬ ਦੀ ਚੱਪਾ-ਚੱਪਾ ਧਰਤੀ ਗੁਰੂਆਂ ਦੇ ਜੀਵਨ ਦੇ ਕਿਸੇ ਨਾ ਕਿਸੇ ਪ੍ਰਸੰਗ ਨੂੰ, ਹਿੱਕ ਵਿੱਚ ਸਮਾਈ ਬੈਠੀ ਹੈ। ਗੁਰੂਆਂ ਦੇ ਪਾਵਨ ਸਥਾਨਾਂ ਉੱਤੇ, ਖ਼ਾਸ-ਖ਼ਾਸ ਤਿੱਥਾਂ ਨੂੰ ਮੇਲੇ ਲੱਗਦੇ ਰਹਿੰਦੇ ਹਨ। ਪੱਛਮੀ ਪੰਜਾਬ ਵਿੱਚ ਹਰ ਪੂਰਨਮਾਸ਼ੀ ਨੂੰ ਪੰਜਾ ਸਾਹਿਬ ਵਿੱਚ ਅਤੇ ਕੱਤਕ ਦੀ ਪੂਰਨਮਾਸ਼ੀ ਨੂੰ ਨਨਕਾਣਾ ਸਾਹਿਬ ਨੂੰ ਵਿੱਚ ਭਾਰੀ ਮੇਲਾ ਲਗਿਆ ਕਰਦਾ ਸੀ। ਲਾਹੌਰ ਵਿੱਚ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਉੱਤੇ ਡੇਹਰਾ ਸਾਹਿਬ ਵਿੱਚ ਜੋੜ-ਮੇਲਾ ਲੱਗਿਆ ਕਰਦਾ ਸੀ। ਭਾਰਤੀ ਪੰਜਾਬ ਵਿੱਚ ਮੁਕਤਸਰ, ਤਰਨ ਤਾਰਨ, ਡੇਰਾ ਬਾਬਾ ਨਾਨਕ ਤੇ ਗੁਰਦਾਸਪੁਰ ਆਦਿ ਥਾਂਵਾਂ ਉੱਤੇ, ਗੁਰੂ ਸਾਹਿਬਾਂ ਦੀ ਸਮ੍ਰਿਤੀ ਵਿੱਚ ਮੇਲੇ ਲਗਦੇ ਹਨ, ਜਿਨ੍ਹਾਂ ਵਿੱਚੋਂ ਦੋ ਤਿੰਨ ਖ਼ਾਸ ਪ੍ਰਸਿੱਧ ਮੇਲਿਆਂ ਦਾ ਜ਼ਿਕਰ ਕਰਨਾ ਇੱਥੇ ਜ਼ਰੂਰੀ ਹੈ:-

**ਮੁਕਤਸਰ ਦਾ ਮੇਲਾ-** ਇਹ ਪ੍ਰਸਿੱਧ ਮੇਲਾ, ਮਾਘੀ ਵਾਲੇ ਦਿਨ, ਮੁਕਤਸਰ ਵਿੱਚ ਲਗਦਾ ਹੈ। ਇਤਿਹਾਸ ਦੱਸਦਾ ਹੈ ਕਿ 1705 ਈ: ਵਿੱਚ ਮੁਗਲਾਂ ਦੀਆਂ ਫੌਜਾਂ, ਗੁਰੂ ਗੋਬਿੰਦ ਸਿੰਘ ਦਾ ਪਿੱਛਾ ਕਰਦੀਆਂ ਮਾਲਵੇ ਦੇ ਇਲਾਕੇ ਵਿੱਚ ਆਈਆਂ ਤਾਂ ਸਿੰਘਾਂ ਨੇ, ਖਿਦਰਾਣੇ (ਅਜੋਕਾ ਮੁਕਤਸਰ) ਦੇ ਤਾਲ ਦੇ ਕੰਢੇ ਵੈਰੀਆਂ ਦਾ ਮੁਕਾਬਲਾ ਕੀਤਾ। ਇਸੇ ਯੁੱਧ ਵਿੱਚ, ਚਾਲੀ ਸਿੰਘ ਜੋ ਪਹਿਲਾਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ, ਸ਼ਹੀਦ ਹੋਏ। ਗੁਰੂ ਗੋਬਿੰਦ ਸਿੰਘ ਜੀ ਨੇ ਜਥੇਦਾਰ ਮਹਾਂ ਸਿੰਘ ਦੀ ਬੇਨਤੀ ਮੰਨ ਕੇ ਬੇਦਾਵਾ ਫਾੜ ਦਿੱਤਾ ਤੇ ਉਹਨਾਂ ਨਾਲ ਟੁੱਟੀ ਮੁੜ ਗੰਢੀ। ਗੁਰੂ ਜੀ ਨੇ ਇਹਨਾਂ ਸ਼ਹੀਦ ਸਿੰਘਾਂ ਨੂੰ ਮੁਕਤੇ ਕਹਿ ਕੇ ਆ ਸਨਮਾਨਿਆ ਅਤੇ ਇਸ ਥਾਂ ਦਾ ਨਾਉਂ ਮੁਕਤਸਰ ਰੱਖਿਆ। ਮਾਘੀ ਵਾਲੇ ਦਿਨ ਸੰਗਤਾਂ ਹੁੰਮ-ਹੁੰਮਾ ਕੇ ਇੱਥੇ ਆਉਂਦੀਆਂ ਹਨ ਅਤੇ ਮੁਕਤਸਰ ਦੇ ਪਾਵਨ ਸਰੋਵਰ ਵਿੱਚ ਇਸ਼ਨਾਨ ਕਰਦੀਆਂ ਹਨ।

**ਆਨੰਦਪੁਰ ਸਾਹਿਬ ਦਾ ਹੋਲਾ ਮਹੱਲਾ** – ਹੋਲੀ ਤੋਂ ਅਗਲੇ ਦਿਨ, ਚੇਤ ਵਦੀ ਪਹਿਲੀ ਨੂੰ, ਆਨੰਦਪੁਰ ਸਾਹਿਬ ਵਿੱਚ ਕੇਸਗੜ੍ਹ ਦੇ ਸਥਾਨ ਉੱਤੇ, ਇੱਕ ਮੇਲਾ ਭਰਦਾ ਹੈ, ਜਿਸ ਨੂੰ 'ਹੋਲਾ ਮਹੱਲਾ ਕਹਿੰਦੇ' ਹਨ। ਗੁਰੂ ਗੋਬਿੰਦ ਸਿੰਘ ਜੀ ਖ਼ਾਲਸੇ ਨੂੰ ਸ਼ਸਤਰ-ਵਿੱਦਿਆ ਤੇ ਯੁੱਧ-ਕਲਾ ਵਿੱਚ ਨਿਪੁੰਨ ਕਰਨ ਲਈ, ਦੋ ਦਲ ਬਣਾ ਕੇ, ਉਹਨਾਂ ਵਿੱਚ ਮਸਨੂਈ ਲੜਾਈ ਕਰਵਾਉਂਦੇ ਤੇ ਬਹਾਦਰ ਯੋਧਿਆਂ ਨੂੰ ਸਿਰੋਪੇ ਬਖ਼ਸ਼ਦੇ। ਉਦੋਂ ਤੋਂ, ਹਰ ਸਾਲ ਆਨੰਦਪੁਰ ਵਿੱਚ, ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਮਨਾਇਆ ਜਾਣ ਲੱਗਾ।

## 4.4 ਪੰਜਾਬ ਦੇ ਤਿਉਹਾਰ

ਪੰਜਾਬ ਵਿੱਚ ਤਿਉਹਾਰਾਂ ਦਾ ਲੰਮਾਂ ਕਾਫ਼ਲਾ ਤੁਰਿਆ ਰਹਿੰਦਾ ਹੈ। ਚੰਨ ਦੀਆਂ ਤਿੱਥਾਂ ਨਾਲ ਸੰਬੰਧਿਤ ਪੂਰਬ ਏਕਾਦਸ਼ੀ, ਪੂਰਨਮਾਸ਼ੀ ਤੇ ਮੱਸਿਆ ਆਦਿ ਖੂਹ ਦੀਆਂ ਟਿੰਡਾਂ ਵਾਂਗ ਗੇੜੇ ਪਏ ਰਹਿੰਦੇ ਹਨ। ਫਿਰ ਸੰਗਰਾਂਦ ਹਰ ਮਹੀਨੇ ਨਵੇਂ ਮੂੰਹ ਆਉਂਦੀ ਹੈ।
ਪੰਜਾਬ ਵਿੱਚ ਨਵਾਂ ਵਰ੍ਹਾ ਚੇਤਰ ਦੀ ਏਕਮ ਤੋਂ ਸ਼ੁਰੂ ਹੁੰਦਾ ਹੈ। ਇਸ ਦਿਨ 'ਨਵਾਂ ਸਮਤ' ਮਨਾਇਆ ਜਾਂਦਾ ਹੈ। ਇਸ ਰੁੱਤ ਵਿੱਚ ਬਹਾਰ ਭਰ ਜੋਬਨ ਵਿੱਚ ਹੁੰਦੀ ਹੈ। ਸੋ, ਰੁੱਤ ਦਾ ਸਵਾਦ ਮਾਣਨ ਲਈ, ਇਸ ਦਿਨ ਨਵੀਂ ਕਣਕ ਦੀਆਂ ਬੱਲੀਆਂ ਤੇ ਛੋਲਿਆਂ ਦੀਆਂ ਹੋਲਾਂ ਭੁੰਨ ਕੇ ਖਾਧੀਆਂ ਜਾਂਦੀਆਂ ਹਨ। ਇਸ ਰੀਤ ਨੂੰ 'ਅੰਨ ਨਵਾਂ ਕਰਨਾ' ਕਹਿੰਦੇ ਹਨ।

ਚੇਤਰ ਸੁਦੀ ਅੱਠਵੀਂ ਨੂੰ ਦੇਵੀ ਦੇ ਉਪਾਸ਼ਕ ਕੰਜਕਾਂ ਕਰਦੇ ਹਨ। ਇਸ ਦਿਨ ਕੁਆਰੀਆਂ ਕੁੜੀਆਂ ਨੂੰ ਜਿਨ੍ਹਾਂ ਨੂੰ 'ਕੰਜਕਾਂ' ਕਹਿੰਦੇ ਹਨ, ਦੇਵੀ ਮਾਤਾ ਦਾ ਰੂਪ ਮੰਨ ਕੇ ਪੂਜਿਆ ਜਾਂਦਾ ਹੈ ਤੇ ਉਹਨਾਂ ਨੂੰ ਕੜਾਹ ਪੂੜੀਆਂ ਤੇ ਕੁਝ ਪੈਸੇ ਦੱਖਣਾ ਵਜੋਂ ਭੇਟ ਕੀਤੇ ਜਾਂਦੇ ਹਨ। ਇਹ ਵਿਸ਼ਵਾਸ ਹੈ ਕਿ ਕੰਜਕਾਂ ਕਰਨ ਨਾਲ ਮਾਤਾ ਰਾਣੀ ਰਹਿੰਦੀ ਹੈ ਤੇ ਬੱਚੇ ਨਰੋਏ।

ਚੇਤਰ ਸੁਦੀ ਨੂੰ ਰਾਮ-ਨੌਮੀ ਦਾ ਤਿਉਹਾਰ ਪੈਂਦਾ ਹੈ। ਇਸ ਤੱਥ ਨੂੰ ਸ਼੍ਰੀ ਰਾਮ ਚੰਦਰ ਨੇ ਜਨਮ ਲਿਆ ਸੀ। ਰਾਮ ਨੌਮੀ ਨੂੰ ਮੰਦਰਾਂ ਵਿੱਚ ਸ਼੍ਰੀ ਰਾਮ ਚੰਦਰ ਜੀ ਦੀ ਮਹਿਮਾ ਵਿੱਚ ਭਜਨ ਗਾਏ ਜਾਂਦੇ ਹਨ ਅਤੇ ਪਾਣੀ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ।
ਜੇਠ ਹਾੜ੍ਹ ਦੀਆਂ ਤਪਦੀਆਂ ਲੂਆਂ ਪਿੱਛੋਂ ਸਾਵਣ ਦੇ ਮੀਹਾਂ ਦਾ ਆਪਣਾ ਸਵਾਦ ਹੈ। ਇਸ ਰੁੱਤ ਦਾ ਰਸ ਤੇ ਸਵਰਗੀ ਝੂਟਾ ਮਾਣਨ ਲਈ, ਸਾਵਣ ਦੀ ਤੀਜੀ ਤਿੱਥ ਨੂੰ ਤੀਆਂ ਮਨਾਈਆਂ ਜਾਂਦੀਆਂ ਹਨ। ਹਰ ਸਾਵਣ ਦੀ ਪੂਰਨਮਾਸ਼ੀ ਨੂੰ ਰੱਖੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਭੈਣ ਭਰਾ ਦੇ ਨਿਰਮਲ ਪਿਆਰ ਤੇ ਇੱਕ ਦੂਜੇ ਪ੍ਰਤੀ ਮਿੱਠੀਆਂ ਨਿਰਛਲ ਭਾਵਨਾਵਾਂ ਦਾ ਬੋਧਿਕ ਹੈ। ਭੈਣਾਂ ਬੜੇ ਚਾਅ ਨਾਲ ਭਰਾਵਾਂ ਦੀ ਵੀਣੀ 'ਤੇ ਰੱਖੜੀ ਦਾ ਸੂਤਰ ਬੰਨ੍ਹਦੀਆਂ ਹਨ।

ਭਾਦਰੋਂ ਦੋ ਮਹੀਨੇ ਗੁੱਗਾ ਨੌਮੀ ਦਾ ਤਿਉਹਾਰ ਆਉਂਦਾ ਹੈ। ਗੁੱਗੇ ਦੇ ਭਗਤ ਗੁੱਗੇ ਦੀ ਪ੍ਰਸੰਨਤਾ ਲਈ ਸੱਪਾਂ ਦੀਆਂ ਖੁੱਡਾਂ ਵਿੱਚ ਕੱਚੀ ਲੱਸੀ ਪਾਉਂਦੇ ਹਨ। ਘਰਾਂ ਵਿੱਚ ਮਿੱਠੀਆਂ ਸੇਵੀਆਂ ਰਿੰਨ੍ਹੀਆਂ ਜਾਂਦੀਆਂ ਹਨ।
ਇਸੇ ਰੁੱਤੇ ਦੁਆਪਰ ਯੁਗ ਵਿੱਚ ਕ੍ਰਿਸ਼ਨ ਜੀ ਨੇ ਅਵਤਾਰ ਧਾਰਨ ਕੀਤਾ ਸੀ। ਇਹਨਾਂ ਦਾ ਪੁਰਬ ਭਾਦਰੋਂ ਦੀ ਕ੍ਰਿਸ਼ਨਾ-ਪੱਖ ਦੀ ਅੱਠਵੀਂ ਨੂੰ 'ਜਨਮ ਅਸ਼ਟਮੀ' ਵਾਲੇ ਦਿਨ ਮਨਾਇਆ ਜਾਂਦਾ ਹੈ।

ਅੱਸੂ ਦੇ ਮਹੀਨੇ ਅਕਾਸ਼ ਦੀ ਨੀਲੀ ਭਾਹ ਵੇਖਣ ਵਾਲੀ ਹੁੰਦੀ ਹੈ। ਲੋਕਾਂ ਨੂੰ ਤਾਰਿਆਂ ਵਿੱਚ ਆਪਣੇ ਪਿਤਰ ਵਿਖਾਈ ਦਿੰਦੇ ਹਨ। ਇਸ ਮਹੀਨੇ ਹਨੇਰੇ-ਪੱਖ ਦੀਆਂ ਪੰਦਰਾਂ ਤਿਥਾਂ ਨੂੰ ਸਰਾਧ ਕੀਤੇ ਜਾਂਦੇ ਹਨ ਅਥਵਾ ਪਿਤਰਾਂ ਪ੍ਰਤੀ ਸ਼ਰਧਾ ਪ੍ਰਟ ਕੀਤੀ ਜਾਂਦੀ ਹੈ। ਸਰਾਧ ਇੱਕ ਧਾਰਮਿਕ ਰੀਤ ਹੈ, ਜਿਸ ਦਾ ਮਨੋਰਥ, ਪਿਤਰਾਂ ਨੂੰ ਅਗਲੇ ਲੋਕ ਵਿੱਚ ਭੋਜਨ ਪਹੁੰਚਾਣਾ ਹੈ।
ਸਰਾਧਾਂ ਦੇ ਮੁਕਦਿਆਂ ਹੀ ਨੌਰਾਤੇ ਸ਼ੁਰੂ ਹੋ ਜਾਂਦੇ ਹਨ, ਜੋ ਅੱਸੂ ਮਹੀਨੇ ਦੇ ਚਾਨਣ-ਪੱਖ ਦੀ ਏਕਮ ਤੋਂ ਨੌਵੀਂ ਤਿਥ ਤੱਕ ਰਹਿੰਦੇ ਹਨ। ਇਹਨਾਂ ਤਿਥਾਂ ਵਿੱਚ ਮਾਤਾ ਗੌਰਜਾਂ ਤੇ ਸਾਂਝੀ ਮਾਈ ਦੀ ਪੂਜਾ ਕੀਤੀ ਜਾਂਦੀ ਹੈ ਤੇ ਇਹ ਤਿਥਾਂ ਮੰਗਲ ਕਾਰਜਾਂ ਲਈ ਬੜੀਆਂ ਸ਼ੁਭ ਮੰਨੀਆਂ ਜਾਂਦੀਆਂ ਹਨ।

ਨੌਰਾਤਿਆਂ ਵਿੱਚ ਸਾਂਝੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਪਹਿਲੇ ਨੌਰਾਤੇ ਨੂੰ ਗੋਹੇ ਵਿੱਚ ਮਿੱਟੀ ਗੁੰਨ੍ਹ ਕੇ, ਘਰ ਦੀ ਕਿਸੇ ਕੰਧ ਉੱਤੇ ਸਾਂਝੀ ਮਾਈ ਦੀ ਮੂਰਤੀ ਬਣਾ ਲਈ ਜਾਂਦੀ ਹੈ। ਮੂਰਤੀ ਵਿੱਚ, ਕਲਾਤਮਿਕ ਸੁੰਦਰਤਾ ਭਰਨ ਲਈ, ਕਈ ਵਿਧੀਆਂ ਵਰਤੀਆਂ ਜਾਂਦੀਆਂ ਹਨ। ਉਸ ਨੂੰ ਫੁੱਲਾਂ, ਕੌਡੀਆਂ ਤੇ ਮੋਤੀਆਂ ਨਾਲ਼ ਸਜਾਇਆ ਤੇ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਇੱਕ ਪਾਸੇ ਚੰਨ ਚੜ੍ਹਦਾ ਤੇ ਦੂਜੇ ਪਾਸੇ ਸੂਰਜ ਡੁਬਦਾ ਵਿਖਾਇਆ ਜਾਂਦਾ ਹੈ। ਕਈ ਘਰਾਂ ਵਿੱਚ ਸਾਂਝੀ ਦੇਵੀ ਦੀ ਮੂਰਤੀ ਦੀ ਥਾਂ ਕੇਵਲ ਉਸ ਦਾ ਚਿੱਤਰ ਹੀ ਉਲੀਕਿਆ ਜਾਂਦਾ ਹੈ।

ਨੌਰਾਤਿਆਂ ਵਿੱਚ ਹੀ ਕਸਬਿਆਂ ਤੇ ਸ਼ਹਿਰਾਂ ਵਿੱਚ, ਪੰਜਾਬ ਦਾ ਸਭ ਤੋਂ ਵੱਡਾ ਲੋਕ-ਨਾਟ ਰਾਮ-ਲੀਲ੍ਹਾ ਖੇਡਿਆ ਜਾਂਦਾ ਹੈ। ਦਸਵੇਂ ਨੌਰਾਤੇ ਨੂੰ ਦੁਸਹਿਰਾ ਮਨਾਇਆ ਜਾਂਦਾ ਹੈ।

ਕੱਤਕ ਤੋਂ ਸਰਦੀ ਦੀ ਰੁੱਤ ਸ਼ੁਰੂ ਹੁੰਦੀ ਹੈ। ਇਹ ਰੁੱਤ ਚਾਨਣ ਬੀਜ ਕੇ ਜੰਮੀ ਜਾਪਦੀ ਹੈ। ਇਸ ਰੁੱਤ ਦੀ ਠੰਢ ਵਿੱਚ ਇੱਕ ਨਿੱਘ ਹੈ, ਸਵੇਰ ਵਾਂਗ ਸੱਜਰੀ ਤੇ ਰਾਤ ਵਾਂਗ ਅਲਸਾਈ। ਇਸ ਰੁੱਤ ਵਿੱਚ ਸਭ ਤੋਂ ਵੱਡੇ ਉਤਸਵ ਮਨਾਏ ਜਾਂਦੇ ਹਨ।
ਕੱਤਕ ਦੀ ਪੂਰਨਮਾਸ਼ੀ ਨੂੰ, ਸਾਰੇ ਪੰਜਾਬ ਵਿੱਚ, ਗੁਰੂ ਨਾਨਕ ਦੇਵ ਦਾ ਜਨਮ ਨੂੰ ਉਤਸਵ, ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਕੱਤਕ ਦੇ ਮਹੀਨੇ ਜੀਵਨ ਦੀ ਕਣੀ ਪ੍ਰਜਵੱਲਿਤ ਹੁੰਦੀ ਹੈ। ਇਸ ਦੇ ਹਨੇਰੇ ਪੱਖ ਤੀ ਦੀ ਚੌਥੀ ਤਿਥ ਨੂੰ 'ਕਰਵਾ ਚੌਥ' ਦਾ ਪੁਰਬ ਆਉਂਦਾ ਹੈ। ਇਸ ਦਿਨ ਸੁਹਾਗਣ ਇਸਤਰੀਆਂ ਨਿਰਜਲ ਵਰਤ ਰੱਖ ਕੇ ਆਪਣੇ-ਆਪਣੇ ਪਤੀ ਦੀ ਲੰਮੀ ਆਯੂ ਲਈ ਕਾਮਨਾ ਕਰਦੀਆਂ ਤੇ ਅਹੋਈ ਦੇਵੀ ਦੀ ਪੂਜਾ ਕਰਦੀਆਂ ਹਨ।

ਪਰ ਕੱਤਕ ਦਾ ਸਭ ਤੋਂ ਵੱਡਾ ਲੋਕ-ਪੁਰਬ ਦਿਵਾਲੀ ਦਾ ਹੈ, ਜੋ ਮੱਸਿਆ ਨੂੰ ਸਾਰੇ ਭਾਰਤ ਵਿੱਚ, ਕਿਸੇ ਨਾ ਕਿਸੇ ਰੂਪ ਵਿੱਚ ਮਨਾਇਆ ਜਾਂਦਾ ਹੈ। ਲੋਕੀਂ ਆਪਣੇ ਘਰਾਂ ਨੂੰ ਲਿੰਬ-ਪੋਚ ਕੇ ਸੰਵਾਰ-ਸ਼ਿੰਗਾਰ ਲੈਂਦੇ ਹਨ। ਉਹ ਘਰ ਦੀਆਂ ਦੀਵਾਰਾਂ ਉੱਤੇ ਲਕਛਮੀ ਦੇਵੀ, ਉਸ ਦਾ ਵਾਹਣ ਮੋਰ ਅਤੇ ਫੁੱਲ, ਵੇਲਾਂ ਤੇ ਬੂਟੇ ਉਲੀਕ ਕੇ, ਉਹਨਾਂ ਵਿੱਚ ਰੰਗ ਭਰਦੇ ਹਨ।

ਰਾਤ ਵੇਲੇ , ਘਰਾਂ ਦੇ ਦਰਵਾਜ਼ਿਆਂ, ਖਿੜਕੀਆਂ ਅਤੇ ਕੋਠਿਆਂ ਦੇ ਬਨੇਰਿਆਂ ਉੱਤੇ, ਦੀਵਿਆਂ ਨੂੰ ਪਾਲਾਂ ਵਿੱਚ ਜਾ ਕੇ ਬਾਲਿਆ ਜਾਂਦਾ ਹੈ। ਇਸ ਰਾਤ ਕਈ ਲੋਕ ਲਕਸ਼ਮੀ ਦੇਵੀ ਦੀ ਪੂਜਾ ਕਰਦੇ ਹਨ।

ਅੰਮ੍ਰਿਤਸਰ ਹਰਿਮੰਦਰ ਸਾਹਿਬ ਵਿੱਚ ਦਿਵਾਲੀ ਦਾ ਜਲੌ ਵੇਖਣ ਵਾਲਾ ਹੁੰਦਾ ਹੈ। ਅੰਮ੍ਰਿਤਸਰ ਵਿੱਚ ਦਿਵਾਲੀ ਦਾ ਮੁੱਢ ਗੁਰੂ ਹਰਿਗੋਬਿੰਦ ਦੇ ਵੇਲੇ ਬੱਝਿਆ। ਜਦੋਂ ਗੁਰੂ ਹਰਿਗੋਬਿੰਦ ਗਵਾਲੀਅਰ ਦੇ ਕਿਲ੍ਹੇ ਤੋਂ, 52 ਰਾਜਿਆਂ ਨੂੰ, ਬੰਦੀ ਤੋਂ ਛੁਡਵਾ ਕੇ ਅੰਮ੍ਰਿਤਸਰ ਪੁੱਜੇ ਤਾਂ ਉਸ ਦਿਨ ਸਬੱਬ ਨਾਲ ਦਿਵਾਲੀ ਸੀ। ਉਹਨਾਂ ਦੇ ਸਵਾਗਤ ਵਿੱਚ ਸਾਰਾ ਸ਼ਹਿਰ ਤੇ ਹਰਿਮੰਦਰ ਜਗਮਗਾ ਉਠਿਆ। ਉਦੋਂ ਤੋਂ ਹਰਿਮੰਦਰ ਸਾਹਿਬ ਵਿੱਚ ਦਿਵਾਲੀ ਨੂੰ ਉਚੇਚੀ ਰੋਸ਼ਨੀ ਕੀਤੀ ਜਾਂਦੀ ਹੈ।

ਦਿਵਾਲੀ ਮੌਸਮੀ ਉਤਸਵ ਹੈ-ਅੰਦਰ ਦੀ ਜੀਵਨ-ਕਣੀ ਕੁਦਰਤ ਦੀ ਕਣੀ ਨਾਲ ਇੱਕਸੁਰ ਹੋ ਕੇ ਜਗਣ ਦਾ ਉਤਸਵ ਹੈ, ਕੁੱਦਰਤ ਦੀ ਜੋਤ ਨਾਲ ਅੰਦਰ ਦੀ ਜੋਤੀ ਨੂੰ ਪ੍ਰਜਵੱਲਿਤ ਕਰਨਾ। ਦੀਵਿਆਂ ਦੀ ਜੋਤ ਤਾਂ ਇਸ ਦਾ ਪ੍ਰਤੀਕ ਹੈ। ਪਰ ਮਿਥਿਹਾਸ ਕਹਿੰਦਾ ਹੈ ਰਾਮ ਚੰਦਰ ਰਾਵਣ ਉੱਤੇ ਵਿਜੈ ਪ੍ਰਾਪਤ ਕਰਨ ਪਿੱਛੋਂ ਸੀਤਾ ਨੂੰ ਨਾਲ ਲੈ ਕੇ ਜਦੋਂ ਅਜੁਧਿਆ ਪਹੁੰਚੇ ਤਾਂ ਉਹਨਾਂ ਦੇ ਸਵਾਗਤ ਵਿੱਚ ਸਾਰਾ ਸ਼ਹਿਰ ਜਗਮਗਾ ਉਠਿਆ।

ਪੋਹ ਦੇ ਮਹੀਨੇ ਦੇ ਅਖੀਰਲੇ ਦਿਨ ਲੋਹੜੀ ਮਨਾਈ ਜਾਂਦੀ ਹੈ ਤੇ ਲੋਹੜੀ ਦੇ ਪੁਰਬ ਤੋਂ ਕੁਝ ਦਿਨ ਪਹਿਲਾਂ, ਛੋਟੇ ਛੋਟੇ ਬੱਚੇ, ਟੋਲੀਆਂ ਬਣਾ ਕੇ, ਸੁਰੀਲੀ ਲੈਅ ਵਿੱਚ ਗੀਤ ਅਲਾਪਦੇ ਹੋਏ ਲੋਹੜੀ ਲਈ ਲੱਕੜਾਂ, ਗੋਹੇ ਤੇ ਢਿੰਗਰ ਆਦਿ ਇਕੱਠਾ ਕਰਦੇ ਹਨ। ਕਿਸੇ ਕਿਸੇ ਗੀਤ ਵਿੱਚ ਤਾਂ ਇਤਿਹਾਸ ਦਾ ਕੋਈ ਅੰਸ਼ ਵੀ ਉਸਲਵੱਟੇ ਲੈ ਰਿਹਾ ਹੈ। 'ਸੁੰਦਰ ਮੁੰਦਰੀਏ' ਗੀਤ ਵਿੱਚ ਦੁੱਲ੍ਹੇ ਭੱਟੀ ਦੇ ਜੀਵਨ ਦੀ ਇੱਕ ਘਟਨਾ ਵੱਲ ਸੰਕੇਤ ਹੈ।

ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਤਿਉਹਾਰ ਆਉਂਦਾ ਹੈ, ਜਿਸ ਨੂੰ 'ਮਕਰ ਸੰਕ੍ਰਾਂਤੀ' ਵੀ ਕਿਹਾ ਜਾਂਦਾ ਹੈ। ਮੁਕਤਸਰ ਦਾ ਪ੍ਰਸਿੱਧ ਮੇਲਾ ਮਾਘੀ ਨੂੰ ਹੀ ਲਗਦਾ ਹੈ। ਫੱਗਣ ਦੀ ਮੱਸਿਆ ਨੂੰ ਸ਼ਿਵਰਾਤਰੀ ਦਾ ਪੁਰਬ ਆਉਂਦਾ ਹੈ।
ਇਸ ਤਰ੍ਹਾਂ ਪੰਜਾਬ ਵਿੱਚ ਮੇਲਿਆਂ ਅਤੇ ਤਿਉਹਾਰਾਂ ਦਾ ਕਾਫ਼ਲਾ ਨਿਰੰਤਰ ਤੁਰਦਾ ਰਹਿੰਦਾ ਹੈ।

**ਅਭਿਆਸ ਤੀਜਾ**

ਪ੍ਰਸ਼ਨ 1. ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ ?

ਉੱਤਰ .....

.....

.....

.....

ਪ੍ਰਸ਼ਨ 2. ਪੰਜਾਬ ਦੇ ਮੌਸਮੀ ਮੇਲਿਆਂ ਦੀ ਕੀ ਵਿਸ਼ੇਸ਼ਤਾ ਹੈ ?

ਉੱਤਰ .....

.....

.....

.....

ਪ੍ਰਸ਼ਨ 3. ਪ੍ਰਾਚੀਨ ਕਾਲ ਤੋਂ ਚੱਲੀ ਆ ਰਹੀ ਸਰਪ ਪੂਜਾ ਨਾਲ ਸੰਬੰਧਿਤ ਕਿਹੜੇ ਮੇਲੇ ਹਨ ?

ਉੱਤਰ .....

.....

.....

.....

ਪ੍ਰਸ਼ਨ 4. 'ਜਰਗ ਦਾ ਮੇਲਾ' ਕਿਹੜੀ ਵੰਨਗੀ ਦਾ ਹੈ ?ਆਮ ਮੇਲਿਆਂ ਨਾਲੋਂ ਇਸ ਮੇਲੇ ਦਾ ਕੀ ਵਖਰੇਵਾਂ ਹੈ ?

ਉੱਤਰ .....

.....

.....

.....

ਪ੍ਰਸ਼ਨ 5. ਪੰਜਾਬ ਦੇ ਕਿਹੜੇ-ਕਿਹੜੇ ਮੇਲੇ ਹਨ ਜਿਹੜੇ ਗੁਰੂ ਸਾਹਿਬਾਂ ਦੀ ਸਮ੍ਰਿਤੀ ਵਿੱਚ ਲਗਦੇ ਹਨ ?

ਉੱਤਰ .....

.....

.....

.....

ਪ੍ਰਸ਼ਨ 6. ਦੇਸੀ ਮਹੀਨਿਆਂ ਦੇ ਹਿਸਾਬ ਨਾਲ ਕਿਹੜੇ-ਕਿਹੜੇ ਤਿਉਂਹਾਰ ਆਉਂਦੇ ਹਨ ?

ਉੱਤਰ .....

.....

.....

.....

## 4.5 ਮੁਹਾਵਰਾ

'ਮੁਹਾਵਰਾ' ਸ਼ਬਦ ਅਰਬੀ ਭਾਸ਼ਾ ਦਾ ਹੈ, ਜਿਸ ਦਾ ਅਰਥ ਹੈ-ਅਭਿਆਸ ਹੋਣਾ ਜਾਂ ਆਦੀ ਹੋਣਾ। ਜਿਵੇਂ- ਜਿਵੇਂ ਕਿਸੇ ਮਨੁੱਖ ਦੀ ਆਪਣੀ ਭਾਸ਼ਾ ਉੱਪਰ ਪਕੜ ਹੁੰਦੀ ਜਾਵੇਗੀ, ਉਸਦੀ ਨਿੱਜੀ ਬੋਲਚਾਲ ਵਿਚ ਮੁਹਾਵਰਿਆਂ ਦੀ ਵਰਤੋਂ ਵੀ ਵਧਦੀ ਜਾਵੇਗੀ। ਜਿਸ ਤਰ੍ਹਾਂ ਅਖਾਉਤ ਨੂੰ ਅਸੀਂ ਆਪਣੇ ਸਭਿਆਚਾਰ ਦਾ ਅਟੁੱਟ ਅੰਗ ਮੰਨਦੇ ਹਾਂ, ਉਸੇ ਤਰ੍ਹਾਂ ਮੁਹਾਵਰੇ ਨੂੰ ਵੀ ਸਾਡੇ ਸਭਿਆਚਾਰ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸਾਨੂੰ ਇਸ ਗੱਲ ਦਾ ਪਤਾ ਹੀ ਨਹੀਂ ਚੱਲਦਾ ਕਿ ਅਸੀਂ ਆਪਣੀ ਰੋਜ਼ਾਨਾ ਦੀ ਗੱਲਬਾਤ ਸਮੇਂ ਮੁਹਾਵਰਿਆਂ ਦੀ ਵਰਤੋਂ ਕਰਦੇ ਰਹਿੰਦੇ ਹਾਂ। ਇਕ ਅਨਪੜ੍ਹ ਵਿਅਕਤੀ ਵੀ ਆਪਣੀ ਗੱਲਬਾਤ ਦੌਰਾਨ ਸੁਭਾਵਿਕ ਹੀ ਮੁਹਾਵਰਿਆਂ ਦੀ ਵਰਤੋਂ ਕਰ ਜਾਂਦਾ ਹੈ।

ਮੁਹਾਵਰੇ ਦੀ ਵਰਤੋਂ ਗੱਲਬਾਤ ਨੂੰ ਸੰਖੇਪ ਤੇ ਰੋਚਕ ਬਣਾ ਦਿੰਦੀ ਹੈ। ਮੁਹਾਵਰੇ ਦੇ ਰਾਹੀਂ ਗੱਲਬਾਤ ਨੂੰ ਵਿਅੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਕਿਸੇ ਗੱਲ ਨੂੰ ਇਸ਼ਾਰੇ ਨਾਲ ਸਮਝਾਉਣ ਲਈ ਵੀ ਮੁਹਾਵਰੇ ਦੀ ਵਰਤੋਂ ਕਰ ਲਈ ਜਾਂਦੀ ਹੈ। ਮੁਹਾਵਰੇ ਦੀ ਵਰਤੋਂ ਜਿੱਥੇ ਕਿਸੇ ਭਾਸ਼ਾ ਦਾ ਸ਼ਿੰਗਾਰ ਬਣਦੀ ਹੈ, ਉੱਥੇ ਭਾਸ਼ਾ ਨਾਲ ਸੰਬੰਧਿਤ ਬੁਲਾਰਿਆਂ ਦੇ ਸਮਾਜਿਕ, ਆਰਥਿਕ ਰਿਸ਼ਤਿਆਂ ਨੂੰ ਵੀ ਪ੍ਰਗਟ ਕਰਦੀ ਹੈ। ਮੁਹਾਵਰਿਆਂ ਵਿਚ ਮਨੁੱਖੀ ਜੀਵਨ ਵਿਚ ਵਾਰ-ਵਾਰ ਆਉਣ ਵਾਲੀਆਂ ਕਿਰਿਆਵਾਂ, ਸਥਿਤੀਆਂ ਅਤੇ ਅਨੁਭਵਾਂ ਨੂੰ ਪ੍ਰਗਟਾਇਆ ਜਾਂਦਾ ਹੈ।

ਸਥਿਤੀਆਂ ਜਾਂ ਸਮੇਂ ਦੇ ਬਦਲਣ ਨਾਲ ਮੁਹਾਵਰਿਆਂ ਦੇ ਪ੍ਰਸੰਗ ਵੀ ਬਦਲਦੇ ਰਹਿੰਦੇ ਹਨ। ਕੁਝ ਪੁਰਾਣੇ ਮੁਹਾਵਰੇ ਅਲੋਪ ਹੋ ਕੇ ਨਵੇਂ ਮੁਹਾਵਰੇ ਪੈਦਾ ਹੁੰਦੇ ਰਹਿੰਦੇ ਹਨ। ਕੋਈ ਭਾਸ਼ਾ ਜਦੋਂ ਕਿਸੇ ਹੋਰਨਾਂ ਭਾਸ਼ਾਵਾਂ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਵੀ ਨਵੇਂ ਮੁਹਾਵਰੇ ਜਨਮ ਲੈਂਦੇ ਹਨ। ਮੁਹਾਵਰਿਆਂ ਦਾ ਸਿਰਜਕ ਵੀ ਸਮੇਂ ਦੀ ਚਾਲ ਨਾਲ ਗੁੰਮਨਾਮ ਹੋ ਜਾਂਦਾ ਹੈ।

ਮੁਹਾਵਰਾ ਆਪਣਾ ਪੂਰਨ ਅਰਥ ਵਾਕ ਵਿਚ ਕੀਤੀ ਗਈ ਢੁੱਕਵੀਂ ਵਰਤੋਂ ਨਾਲ ਹੀ ਗ੍ਰਹਿਣ ਕਰਦਾ ਹੈ। ਭਾਸ਼ਾ ਉੱਪਰ ਪਕੜ ਹਾਸਿਲ ਕਰਨ ਲਈ ਮੁਹਾਵਰਿਆਂ ਦੀ ਢੁੱਕਵੀਂ ਵਰਤੋਂ ਬਾਰੇ ਪਤਾ ਹੋਣਾ ਚਾਹੀਦਾ ਹੈ। ਮੁਹਾਵਰੇ ਦੀ ਢੁੱਕਵੀਂ ਵਰਤੋਂ ਜਿੱਥੇ ਕਿਸੇ ਭਾਸ਼ਾ ਦਾ ਸ਼ਿੰਗਾਰ ਬਣ ਜਾਂਦੀ ਹੈ, ਉੱਥੇ ਮੁਹਾਵਰੇ ਦੀ ਕੀਤੀ ਗ਼ਲਤ ਵਰਤੋਂ ਭਾਸ਼ਾ ਦੀ ਰੋਚਕਤਾ ਨੂੰ ਗੁਆ ਵੀ ਦਿੰਦੀ ਹੈ।

ਵਾਕ ਵਿਚ ਮੁਹਾਵਰੇ ਦੀ ਵਰਤੋਂ ਸਮੇਂ ਮੁਹਾਵਰੇ ਦੀ ਕਿਰਿਆ ਵਿਚ ਲਿੰਗ, ਵਚਨ, ਕਾਲ ਤੇ ਪੁਰਖ ਅਨੁਸਾਰ ਪਰਿਵਰਤਨ ਆ ਜਾਂਦਾ ਹੈ। ਆਮ ਤੌਰ 'ਤੇ ਮੁਹਾਵਰਿਆਂ ਦੇ ਅੰਤ ਵਿਚ ਣਾ,ਣੀ,ਨਾ ਅਤੇ ਨੀ ਅੱਖਰਾਂ ਦੀ ਵਰਤੋਂ ਹੁੰਦੀ ਹੈ।

ਪੰਜਾਬੀ ਭਾਸ਼ਾ ਕੋਲ ਵੀ ਮੁਹਾਵਰਿਆਂ ਦਾ ਵਿਸ਼ਾਲ ਭੰਡਾਰ ਹੈ। ਲੋਕ ਸਾਹਿਤ ਦੇ ਹੋਰ ਰੂਪਾਂ ਵਾਂਗ ਮੁਹਾਵਰੇ ਵੀ ਪੰਜਾਬੀ ਸਭਿਆਚਾਰ ਦੀ ਤਸਵੀਰ ਪੇਸ਼ ਕਰਦੇ ਹਨ।

1. **ਉਂਗਲਾਂ 'ਤੇ ਨਚਾਉਣਾ** - (ਆਪਣੇ ਪਿੱਛੇ ਲਾ ਲੈਣਾ) ਅੱਜ ਬਹੁਤ ਸਾਰੇ ਰਾਜਨੇਤਾ ਭੋਲੇ-ਭਾਲੇ ਲੋਕਾਂ ਨੂੰ ਉਂਗਲਾਂ 'ਤੇ ਨਚਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ।
2. **ਅੱਖਾਂ ਖੁੱਲਣੀਆਂ** - (ਅਕਲ ਆਉਣੀ) ਜ਼ਿੰਦਗੀ ਵਿਚ ਕੋਈ ਵੱਡੀ ਠੋਕਰ ਖਾ ਕੇ ਹੀ ਅੱਖਾਂ ਖੁੱਲਦੀਆਂ ਹਨ।
3. **ਅੱਖਾਂ ਫੇਰ ਲੈਣਾ** - (ਮਿੱਤਰਤਾ ਛੱਡ ਦੇਣੀ) ਦੋਸਤੀ ਦਾ ਦਿਖਾਵਾ ਕਰਨ ਵਾਲੇ ਲੋਕ ਲੋੜ ਪੈਣ 'ਤੇ ਜਲਦੀ ਹੀ ਅੱਖਾਂ ਫੇਰ ਲੈਂਦੇ ਹਨ।
4. **ਸਿਰ ਧੜ ਦੀ ਬਾਜ਼ੀ ਲਗਾਉਣਾ** - ( ਮੌਤ ਦਾ ਡਰ ਲਾ ਕੇ ਜੂਝਣਾ) ਸਿਰ ਧੜ ਦੀ ਬਾਜ਼ੀ ਲਗਾਉਣ ਵਾਲਿਆਂ ਨੂੰ ਜ਼ਿੰਦਗੀ ਵਿਚ ਕਦੇ ਵੀ ਹਾਰ ਦਾ ਮੂੰਹ ਨਹੀਂ ਦੇਖਣਾ ਪੈਂਦਾ।
5. **ਹੱਥ 'ਤੇ ਹੱਥ ਧਰ ਕੇ ਬਹਿਣਾ** - ( ਵਿਹਲੇ ਬਹਿਣਾ) ਮਿਹਨਤ ਕਰਕੇ ਹੀ ਸਫਲਤਾ ਮਿਲ ਸਕਦੀ ਹੈ, ਹੱਥ 'ਤੇ ਹੱਥ ਧਰ ਕੇ ਬੈਠਣ ਨਾਲ ਕੁਝ ਨਹੀਂ ਬਣਦਾ।
6. **ਹੱਥ ਪੀਲੇ ਕਰਨਾ** - (ਵਿਆਹ ਕਰਨਾ) ਮਨਿੰਦਰ ਦੇ ਨੌਕਰੀ ਲੱਗਣ ਦੀ ਦੇਰ ਸੀ ਕਿ ਉਸਦੇ ਘਰਦਿਆਂ ਨੇ ਝੱਟ ਹੀ ਉਸਦੇ ਹੱਥ ਪੀਲੇ ਕਰ ਦਿੱਤੇ।

7. **ਕਲਮ ਦੇ ਧਨੀ ਹੋਣਾ** – (ਵੱਡੇ ਲਿਖਾਰੀ ਹੋਣਾ) ਪੰਜਾਬੀ ਸਾਹਿਤ ਵਿਚ ਨਾਨਕ ਸਿੰਘ ਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਕਲਮ ਦੇ ਧਨੀ ਕਰਕੇ ਜਾਣਿਆ ਜਾਂਦਾ ਹੈ।
8. **ਕੁੱਜੇ ਵਿਚ ਸਮੁੰਦਰ ਬੰਦ ਕਰਨਾ** – (ਵੱਡੀ ਸਾਰੀ ਗੱਲ ਨੂੰ ਥੋੜੇ ਸ਼ਬਦਾਂ ਵਿਚ ਕਹਿਣਾ) ਪੰਜਾਬੀ ਸਾਹਿਤ ਵਿਚ ਡਾ. ਨਰਿੰਦਰ ਸਿੰਘ ਕਪੂਰ ਨੇ ਆਪਣੀ ਵਾਰਤਕ ਰਚਨਾ ਰਾਹੀਂ ਕੁੱਜੇ ਵਿਚ ਸਮੁੰਦਰ ਬੰਦ ਕੀਤਾ ਹੈ।

## 4.6 ਅਖੌਤਾਂ

ਅਖੌਤਾਂ ਪੰਜਾਬੀ ਲੋਕ ਸਾਹਿਤ ਰੂਪ ਦਾ ਮਹੱਤਵਪੂਰਨ ਅੰਗ ਹਨ। ਅਖੌਤਾਂ ਨੂੰ ਕਹਾਵਤਾਂ ਜਾਂ ਅਖਾਣਾਂ ਵੀ ਕਿਹਾ ਜਾਂਦਾ ਹੈ। ਅਖੌਤਾਂ ਸਾਡੀ ਨਿੱਤ ਦੀ ਬੋਲਚਾਲ ਦਾ ਹਿੱਸਾ ਹੁੰਦੀਆਂ ਹਨ। ਇਹ ਪੀੜ੍ਹੀ-ਦਰ-ਪੀੜ੍ਹੀ ਚੱਲਦੀਆਂ ਹੋਈਆਂ ਸਿਰਜਕ ਨੂੰ ਗੁੰਮਨਾਮ ਕਰ ਦਿੰਦੀਆਂ ਹਨ ਅਤੇ ਲੋਕ ਸਮੂਹ ਦਾ ਹਿੱਸਾ ਹੋ ਜਾਂਦੀਆਂ ਹਨ। ਅਖੌਤਾਂ ਵਿਚ ਮਨੁੱਖੀ ਜੀਵਨ ਦਾ ਵਿਸ਼ਾਲ ਅਨੁਭਵ ਸਮੋਇਆ ਹੋਇਆ ਹੁੰਦਾ ਹੈ। ਅਖੌਤਾਂ ਲੋਕ ਜੀਵਨ ਵਿਚਲੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪੇਸ਼ ਕਰਦੀਆਂ ਹਨ।

ਲੈਅ, ਸੰਜਮਤਾ, ਸੁਹਜ ਅਤੇ ਸੰਖੇਪਤਾ ਅਖੌਤਾਂ ਦੇ ਗੁਣ ਹਨ। ਅਖਾਉਤ ਭਾਵੇਂ ਛੋਟਾ ਲੈਅ ਭਰਪੂਰ ਵਾਕ ਹੁੰਦਾ ਹੈ, ਪ੍ਰੰਤੂ ਇਸ ਵਿਚ ਜ਼ਿੰਦਗੀ ਦੇ ਵਿਸ਼ਾਲ ਅਰਥ ਸਮੋਏ ਹੁੰਦੇ ਹਨ। ਅਖਾਉਤ ਦੇ ਇਹ ਅਰਥ ਕੋਸ਼ਗਤ ਨਾ ਹੋ ਕੇ ਲਾਖਣਿਕ ਅਤੇ ਵਿਅੰਜਨ ਅਰਥਾਂ ਦਾ ਸੰਚਾਰ ਕਰਦੇ ਹਨ। ਅਰਥ ਸੰਚਾਰ ਰਾਹੀਂ ਇਹ ਆਪਣੇ ਵਿਰਸੇ ਅਤੇ ਇਤਿਹਾਸ ਨੂੰ ਸੰਭਾਲ ਕੇ ਰੱਖਦੀਆਂ ਹਨ।

ਅਖੌਤਾਂ ਨੂੰ ਪੰਜਾਬੀ ਸਾਹਿਤ ਦੇ ਦੋ ਰੂਪਾਂ ਗਦ ਅਤੇ ਪਦ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ। ਅਖਾਉਤ ਸਾਧਾਰਨ ਵਾਕ ਦੀ ਤਰ੍ਹਾਂ ਵੀ ਹੋ ਸਕਦੀ ਹੈ ਅਤੇ ਕਾਵਿ- ਰੂਪ ਵਾਲੀ ਵੀ। ਸਾਧਾਰਨ ਵਾਕ ਬਣਤਰ ਵਾਲੀ ਅਖਾਉਤ ਵਿਚ ਸਹਿਜੇ ਹੀ ਘਟਨਾ, ਦ੍ਰਿਸ਼, ਕਾਰਜ ਜਾਂ ਪਾਤਰ ਦੇ ਸਮੂਰਤ ਬਿੰਬ ਵਿਚੋਂ ਅਰਥ ਪ੍ਰਕਾਸ਼ਮਾਨ ਹੋ ਜਾਂਦੇ ਹਨ। ਕਾਵਿਕ-ਬਣਤਰ ਵਾਲੀ ਅਖਾਉਤ ਵਿਚ ਲੈਅ, ਸੁਹਜ, ਸੰਜਮ, ਚਿੰਨ੍ਹ, ਪ੍ਰਤੀਕ ਅਤੇ ਅਲੰਕਾਰਾਂ ਦੀ ਵਰਤੋਂ ਹੁੰਦੀ ਹੈ। ਪੰਜਾਬੀ ਵਿਚ ਜ਼ਿਆਦਾਤਰ ਅਖੌਤਾਂ ਕਾਵਿ-ਸ਼ੈਲੀ ਵਾਲੀਆਂ ਹਨ।

ਆਮ ਤੌਰ 'ਤੇ ਅਖੌਤਾਂ ਨੂੰ ਮੁਹਾਵਰਿਆਂ ਨਾਲ ਰਲਗੱਡ ਕਰ ਦਿੱਤਾ ਜਾਂਦਾ ਹੈ, ਪਰ ਦੋਨਾਂ ਵਿਚ ਭਿੰਨਤਾ ਪਾਈ ਜਾਂਦੀ ਹੈ। ਆਮ ਗੱਲਬਾਤ ਸਮੇਂ ਮੁਹਾਵਰੇ ਦੀ ਵਰਤੋਂ ਅਸੀਂ ਰੋਜ਼ਾਨਾ ਦੀ ਜ਼ਿੰਦਗੀ ਵਿਚ ਕਰਦੇ ਹੋਏ ਵੀ ਇਸ ਤੋਂ ਅਭਿੱਜ ਰਹਿੰਦੇ ਹਾਂ। ਪਰ ਅਖਾਉਤ ਦੀ ਵਰਤੋਂ ਅਸੀਂ ਕਿਸੇ ਖ਼ਾਸ ਪ੍ਰਸੰਗ ਵਿਚ ਕਰਦੇ ਹਾਂ। ਮੁਹਾਵਰਾ ਲਿੰਗ, ਵਚਨ, ਕਾਲ, ਪੁਰਖ ਅਤੇ ਕਿਰਿਆ ਦੇ ਪੱਖ ਤੋਂ ਬਦਲ ਸਕਦਾ ਹੈ, ਪਰ ਅਖਾਉਤ ਵਿਚ ਅਜਿਹੀ ਕੋਈ ਤਬਦੀਲੀ ਨਹੀਂ ਆਉਂਦੀ। ਮੁਹਾਵਰੇ ਦੀ ਵਾਕ ਵਿਚ ਵਰਤੋਂ ਕਰਨ 'ਤੇ ਹੀ ਅਰਥ ਸਾਹਮਣੇ ਆਉਂਦੇ ਹਨ, ਪਰ ਅਖਾਉਤ ਆਪਣੇ ਆਪ ਵਿਚ ਹੀ ਅਰਥਪੂਰਨ ਹੁੰਦੀ ਹੈ। ਮੁਹਾਵਰੇ ਜਿੱਥੇ ਵਿਆਕਰਣਿਕ ਸੰਰਚਨਾ ਦੇ ਧਾਰਨੀ ਹੁੰਦੇ ਹਨ, ਉੱਥੇ ਅਖੌਤਾਂ ਕਾਵਿਕ, ਵਾਰਤਕ ਸੰਰਚਨਾ ਦੀਆਂ ਧਾਰਨੀ ਹਨ। ਵਾਕ ਵਿਚ ਵਰਤੋਂ ਦੌਰਾਨ ਮੁਹਾਵਰੇ ਵਿਚ ਤਬਦੀਲੀ ਆ ਜਾਂਦੀ ਹੈ, ਪਰ ਅਖਾਉਤ ਵਿਚ ਤਬਦੀਲੀ ਨਹੀਂ ਆਉਂਦੀ। ਇਹ ਜ਼ਰੂਰੀ ਨਹੀਂ ਕਿ ਅਖਾਉਤ ਦਾ ਸਿਰਜਕ ਕੋਈ ਪੜ੍ਹਿਆ ਲਿਖਿਆ ਵਿਅਕਤੀ ਹੀ ਹੋਵੇਗਾ। ਅਖਾਉਤ ਅਨਪੜ੍ਹ ਵਿਅਕਤੀ ਦੁਆਰਾ ਵੀ ਸਿਰਜੀ ਹੋ ਸਕਦੀ ਹੈ। ਇਸ ਤਰ੍ਹਾਂ ਅਖੌਤਾਂ ਸਾਡੇ ਵਿਸ਼ਾਲ ਜੀਵਨ ਅਨੁਭਵ ਵਿਚੋਂ ਪੈਦਾ ਹੋਣ ਕਰਕੇ ਸਾਡੇ ਸਭਿਆਚਾਰ ਦਾ ਅਟੁੱਟ ਅੰਗ ਬਣ ਜਾਂਦੀਆਂ ਹਨ।

1. **ਉੱਖਲੀ ਵਿਚ ਸਿਰ ਦਿੱਤਾ ਤਾਂ ਮੋਹਲਿਆ ਦਾ ਕੀ ਡਰ** – (ਜਦੋਂ ਕਿਸੇ ਕੰਮ ਲਈ ਕਦਮ ਪੁੱਟ ਲਈਏ, ਤਾਂ ਫਿਰ ਉਸ ਦੇ ਭੈੜੇ, ਚੰਗੇ ਸਿੱਟਿਆਂ ਤੋਂ ਨਹੀਂ ਡਰੀਦਾ) ਮਹਿੰਦਰ ਨੇ ਜਦੋਂ ਆਪਣੇ ਭਰਾ ਜੋਗਿੰਦਰ ਨੂੰ ਦੱਸਿਆ ਕਿ ਉਸਨੇ ਆਪਣੇ ਨਾਲ ਲੱਗਦੀ ਜ਼ਮੀਨ ਦੋ ਲੱਖ ਰੁਪਏ ਮਹਿੰਗੀ ਖਰੀਦ ਲਈ ਹੈ ਤਾਂ ਜੋਗਿੰਦਰ ਬੋਲਿਆ 'ਉੱਖਲੀ ਵਿਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ' ਜ਼ਮੀਨ ਲੈਣੀ ਹੀ ਸੀ ਤਾਂ ਮਹਿੰਗੀ ਕੀ, ਸਸਤੀ ਕੀ।
2. **ਉੱਚੀ ਦੁਕਾਨ, ਫਿੱਕਾ ਪਕਵਾਨ** – (ਕਿਸੇ ਮਨੁੱਖ ਜਾਂ ਚੀਜ਼ ਦਾ ਬਾਹਰਲਾ ਰੂਪ ਸੋਹਣਾ ਹੋਵੇ ਪਰ ਅੰਦਰ ਗੁਣ ਨਾ ਹੋਣ) ਅੱਜ ਬਹੁਤ ਸਾਰੇ ਪ੍ਰਾਈਵੇਟ ਸਕੂਲਾਂ ਦੀ ਬਿਲਡਿੰਗ ਤਾਂ ਬੜੀ ਸ਼ਾਨਦਾਰ ਹੁੰਦੀ ਹੈ ਪਰ ਪੜ੍ਹਾਈ ਦੇ ਪੱਖ ਤੋਂ ਬਹੁਤ ਪੱਛੜੇ ਹੋਏ ਹੁੰਦੇ ਹਨ। ਉਨ੍ਹਾਂ ਦੀ ਤਾਂ ਉਹ ਗੱਲ ਹੈ ਅਖੇ 'ਉੱਚੀ ਦੁਕਾਨ ਫਿੱਕਾ ਪਕਵਾਨ'।
3. **ਉਲਟੀ ਵਾੜ ਖੇਤ ਨੂੰ ਖਾਏ** – (ਜਦੋਂ ਰਖਵਾਲੇ ਹੀ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦੇਣ) ਰਾਜੇਸ਼ ਨੇ ਆਪਣੇ ਮਿੱਤਰ ਸ਼ਮਿੰਦਰ ਨੂੰ ਅਖ਼ਬਾਰ ਵਿਚ ਲੱਗੀ ਇਕ ਖ਼ਬਰ ਦੱਸੀ ਕਿ ਇਕ ਪੁਲਿਸ ਵਾਲਾ ਰਿਸ਼ਵਤ ਲੈਂਦਾ ਰੰਗੇ ਹੱਥੀਂ ਫੜਿਆ ਗਿਆ। ਇਹ ਸੁਣ ਕੇ ਸ਼ਮਿੰਦਰ ਬੋਲਿਆ, ਯਾਰ ਹੁਣ ਸਮਾਂ ਬਦਲ ਗਿਆ। ਹੁਣ ਤਾਂ ਰਿਸ਼ਵਤਖੋਰੀਆਂ ਨੂੰ ਫੜਨ ਵਾਲੇ ਆਪ ਹੀ ਰਿਸ਼ਵਤ ਲੈਂਦੇ ਹਨ। ਐਂਵੇ ਨਹੀਂ ਕਿਸੇ ਨੇ ਕਿਹਾ 'ਉਲਟੀ ਵਾੜ ਖੇਤ ਨੂੰ ਖਾਏ'।
4. **ਉਲਟਾ ਚੋਰ ਕੋਤਵਾਲ ਨੂੰ ਡਾਂਟੇ** – (ਕਸੂਰਵਾਰ ਦਾ ਸਗੋਂ ਦੂਜੇ 'ਤੇ ਪਾਣਾ) ਮੰਨ ਗਿਆ ਉਏ ਤੈਨੂੰ ਮੈਂ। ਕੰਮ ਆਪ ਵਿਗਾੜ ਕੇ ਇਲਜ਼ਾਮ ਮੇਰੇ 'ਤੇ ਲਾ ਰਿਹਾਂ। ਤੇਰੀ ਤਾਂ ਉਹ ਗੱਲ ਐ 'ਉਲਟਾ ਚੋਰ ਕੋਤਵਾਲ ਨੂੰ ਡਾਂਟੇ'। ਤੈਨੂੰ ਇਹ ਕੰਮ ਠੀਕ ਕਰਨਾ ਹੀ ਪਵੇਗਾ।
5. **ਅੰਨਾ ਵੰਡੇ ਰਿਉੜੀਆਂ, ਮੁੜ-ਮੁੜ ਆਪਣਿਆਂ ਨੂੰ** – (ਮਹੱਤਵਪੂਰਨ ਅਹੁਦਿਆਂ 'ਤੇ ਬੈਠ ਕੇ ਆਪਣੀ ਤਾਕਤ ਦਾ ਲਾਭ ਕੇਵਲ ਆਪਣੇ ਮਿੱਤਰ ਸੰਬੰਧੀਆਂ ਨੂੰ ਪਹੁੰਚਾਉਣਾ) ਸਾਡੀਆਂ ਰਾਜ ਸਰਕਾਰਾਂ ਦਾ ਵੀ ਹੁਣ ਸਰਿਆ ਹੀ ਪਿਆ। ਸਰਕਾਰ ਬਣਨ ਦੀ ਦੇਰ ਹੁੰਦੀ ਹੈ, ਉਸ ਤਾਂ ਬਾਅਦ ਤਾਂ ਸਭ ਆਪਣੇ ਹੀ ਭਾਈ- ਭਤੀਜਿਆਂ ਲਈ ਅਹੁਦੇ ਬੇਰਾਂ ਵਾਂਗ ਵੰਡ ਦਿੱਤੇ ਜਾਂਦੇ ਹਨ। ਇਨ੍ਹਾਂ ਦੀ ਤਾਂ ਉਹ ਗੱਲ ਆ 'ਅਖੇ ਅੰਨਾਂ ਵੰਡੇ ਰਿਉੜੀਆਂ, ਮੁੜ-ਮੁੜ ਆਪਣਿਆਂ ਨੂੰ'।

6. **ਇਕ ਅਨਾਰ, ਸੌ ਬਿਮਾਰ** – (ਇਹ ਅਖਾਣ ਉਸ ਵੇਲੇ ਵਰਤਦੇ ਹਨ ਜਦੋਂ ਚੀਜ਼ ਥੋੜ੍ਹੀ ਹੋਵੇ ਤੇ ਮੰਗਣ ਵਾਲੇ ਬਹੁਤ ਹੋਣ) ਕੁਲਦੀਪ ਨੇ ਆਪਣਾ ਇਕ ਪੁਰਾਣਾ ਸੂਟ ਪਿੰਡ ਦੇ ਹੀ ਗ਼ਰੀਬ ਵਿਅਕਤੀ ਰਾਮੇਸ਼ ਨੂੰ ਦੇ ਦਿੱਤਾ । ਬੱਸ ਦੇਣ ਦੀ ਹੀ ਦੇਰ ਸੀ ਕਿ ਉਸ ਦੇ ਘਰ ਅੱਗੇ ਦਸ ਹੋਰ ਗ਼ਰੀਬ ਮੰਗਣ ਲਈ ਆ ਖੜ੍ਹੇ। ਉਸ ਨਾਲ ਤਾਂ ਉਹ ਗੱਲ ਹੋਈ ਅਖੇ 'ਇਕ ਅਨਾਰ, ਸੌ ਬਿਮਾਰ'।
7. **ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ** – (ਜਦੋਂ ਕੋਈ ਬਿਨਾਂ ਮੰਗੇ ਸਲਾਹਾਂ ਦੇਵੇ ਤਾਂ ਉਹਦੇ ਲਈ ਇਹ ਅਖਾਣ ਵਰਤਦੇ ਹਨ) ਪਿੰਡ ਵਿਚ ਕਿਸੇ ਦੇ ਵੀ ਵਿਆਹ- ਸ਼ਾਦੀ ਦਾ ਪ੍ਰੋਗਰਾਮ ਹੋਵੇ, ਬਚਨੋਂ ਹਰ ਘਰ ਵਿਚ ਅੱਗੇ ਹੋ ਕੇ ਸਲਾਹਾਂ ਦਿੰਦੀ ਫਿਰਦੀ ਹੁੰਦੀ ਹੈ। ਉਸਦੀ ਤਾਂ ਉਹ ਗੱਲ ਹੈ 'ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ'।
8. **ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ** – (ਜਦੋਂ ਕੋਈ ਕਾਫੀ ਦੇਰ ਤੋਂ ਕਿਸੇ ਦਾ ਨੁਕਸਾਨ ਕਰਦਾ ਆ ਰਿਹਾ ਹੋਵੇ ਅਤੇ ਅਖੀਰ ਫੜਿਆ ਜਾਵੇ, ਉਹਦੇ ਲਈ ਇਹ ਅਖਾਣ ਵਰਤਦੇ ਹਨ) ਸਾਧੂ ਰਾਮ ਦੇ ਘਰ ਕਈ ਵਾਰ ਚੋਰੀ ਹੋ ਚੁੱਕੀ ਸੀ। ਸ਼ੱਕ ਤਾਂ ਉਸਨੂੰ ਪਹਿਲਾਂ ਵੀ ਆਪਣੇ ਗਵਾਂਢੀ 'ਤੇ ਹੀ ਸੀ ਪਰ ਅੱਜ ਉਸਨੂੰ ਰੰਗੇ ਹੱਥੀਂ ਫੜ੍ਹ ਕੇ ਥਾਣੇ ਫੜ੍ਹਾ ਦਿੱਤਾ। ਸਿਆਣਿਆਂ ਸੱਚ ਹੀ ਕਿਹਾ ਹੈ 'ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ'।

**ਅਭਿਆਸ ਚੌਥਾ**

ਪ੍ਰਸ਼ਨ 1. 'ਮੁਹਾਵਰਾ' ਸ਼ਬਦ ਕਿਹੜੀ ਭਾਸ਼ਾ ਦਾ ਹੈ?

ਉੱਤਰ .....

.....

.....

.....

ਪ੍ਰਸ਼ਨ 2. ਮੁਹਾਵਰੇ ਦੇ ਅੰਤ ਵਿਚ ਕਿਹੜੇ ਅੱਖਰਾਂ ਦੀ ਵਰਤੋਂ ਕੀਤੀ ਹੈ?

ਉੱਤਰ .....

.....

.....

.....

ਪ੍ਰਸ਼ਨ 3. ਕੋਈ ਪੰਜ ਮੁਹਾਵਰਿਆਂ ਨੂੰ ਵਾਕਾਂ ਵਿਚ ਵਰਤੋਂ।

ਉੱਤਰ .....

.....

.....

.....

ਪ੍ਰਸ਼ਨ 4. ਅਖਾਉਤ ਕਿਸ ਨੂੰ ਆਖਦੇ ਹਨ?

ਉੱਤਰ .....

.....

.....

.....

ਪ੍ਰਸ਼ਨ 5. ਮੁਹਾਵਰੇ ਅਤੇ ਅਖੌਤਾਂ ਵਿਚ ਕੀ ਅੰਤਰ ਹੈ ?

ਉੱਤਰ .....

.....

.....

.....

## ਪੁਸਤਕ ਸੂਚੀ


1. ਸੁਹਿੰਦਰ ਸਿੰਘ ਬੇਦੀ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰਸਟ ਇੰਡੀਆ, ਨਵੀਂ ਦਿੱਲੀ, 1973
2. ਸੁਹਿੰਦਰ ਸਿੰਘ ਬੇਦੀ, ਲੋਕ ਪਰੰਪਰਾ ਤੇ ਸਾਹਿਤ, ਪਰੰਪਰਾ ਪ੍ਰਕਾਸ਼ਨ, ਨਵੀਂ ਦਿੱਲੀ, 1978
3. ਲੋਕਯਾਨ ਤੇ ਮਧਕਾਲੀ ਪੰਜਾਬੀ ਸਾਹਿਤ, ਜੀਵਨ ਮੰਦਿਰ ਪ੍ਰਕਾਸ਼ਨ, ਅੰਮ੍ਰਿਤਸਰ, 1973
4. ਮਹਿੰਦਰ ਸਿੰਘ ਰੰਧਾਵਾ ਅਤੇ ਦਵਿੰਦਰ ਸਤਿਆਰਥੀ, ਪੰਜਾਬੀ ਲੋਕ-ਗੀਤ, ਭਾਸ਼ਾ ਵਿਭਾਗ ਪੰਜਾਬ, 1960
5. ਸੁਖਦੇਵ ਮਾਧਪੁਰੀ, ਪੰਜਾਬੀ ਬੁਝਾਰਤਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979


ignou
THE PEOPLE'S
UNIVERSITY